ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ (ਜਲੰਧਰ)

ਮਿਤੀ- ਸ਼ਨਿਵਾਰ 02-04-2022

Gmail lokbani08@gmail.com

Website www.Lokbani.com

ਮੁੱਖ ਸੰਪਾਦਕ:- ਅਮਨ ਮਹਿਰਾ

R.N.I. Punpun/29016/2008 ✲ ਸਾਲ : 14 ✲ ਅੰਕ : 390 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111



ਰੋਜ਼ਾਨਾ ਲੋਕ ਬਾਣੀ ਨੂੰ ਪੱਤਰਕਾਰਾਂ ਦੀ ਲੋੜ ਸੰਪਰਕ:- 99155-94111


ਇਸ਼ਤਿਹਾਰ ਲਵਾਓ ਵਪਾਰ ਵਧਾਓ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਵਿਚ ਸੰਪਰਕ ਕਰੋ 0181-2211009 Newslokbani@gmail.com


# ਯੂਕਰੇਨ ਨੇ ਜੰਗ ਦੌਰਾਨ ਰੂਸ ਦੀ ਲੇਡੀ ਸਨਾਈਪਰ ਗ੍ਰਿਫ਼ਤਾਰ ਕੀਤੀਆਂ





ਮਾਸਕੋ/ਲੋਕ ਬਾਣੀ

ਰੂਸ ਤੇ ਯੂਕਰੇਨ ਵਿਚਾਲੇ ਜੰਗ ਜਾਰੀ ਹੈ। ਜੰਗ ਦੇ ਖੇਤਰ ਵਿੱਚ ਬੰਦੂਕਾਂ ਲਗਾਤਾਰ ਮੌਤ ਉਗਲ ਰਹੀਆਂ ਹਨ। ਲੜਾਕੂ ਜਹਾਜ਼ ਪਨਾਹਗਾਹਾਂ ਨੂੰ ਤਬਾਹ ਕਰ ਰਹੇ ਹਨ। ਯੂਕਰੇਨ ਦੇ ਸ਼ਹਿਰਾਂ ਵਿੱਚ ਜ਼ਿੰਦਗੀ ਦੀ ਬਜਾਏ ਮੌਤ ਦਾ ਸ਼ੋਰ ਹੈ। ਦੋਹਾਂ ਦੇਸ਼ਾਂ ਵਿਚਾਲੇ ਗੱਲਬਾਤ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਹਨ।ਇਸ ਦੌਰਾਨ, ਯੂਕਰੇਨ ਦੀ ਫੌਜ ਨੇ ਇੱਕ ਔਰਤ ਨੂੰ ਕਾਬੂ ਕਰ ਲਿਆ ਹੈ ਜਿਸ ਦੀ ਲੰਬੇ ਸਮੇਂ ਤੋਂ ਯੁੱਧ ਪ੍ਰਭਾਵਿਤ ਡੋਨਬਾਸ ਤੋਂ ਭਾਲ ਸੀ। ਇਹ ਕੋਈ ਆਮ ਔਰਤ ਨਹੀਂ, ਸਗੋਂ ਰੂਸੀ ਫੌਜ ਦੀ ਸਭ ਤੋਂ ਖੌਫਨਾਕ ਸਨਾਈਪਰ ਇਰੀਨਾ ਸਟਾਰੀਕੋਵਾ ਹੈ। ਇਰੀਨਾ ਦੀ ਬੰਦੂਕ ਨੇ ਹੁਣ ਤੱਕ 40 ਤੋਂ ਵੱਧ ਯੂਕਰੇਨੀਆਂ ਦੀ ਜਾਨ ਲੈ ਲਈ ਹੈ। ਇਨ੍ਹਾਂ ਵਿੱਚ ਯੂਕਰੇਨੀ ਸੈਨਿਕਾਂ ਸਮੇਤ ਔਰਤਾਂ ਤੇ ਬੱਚੇ ਵੀ ਸ਼ਾਮਲ ਹਨ। ਇਸ ਰੂਸੀ ਮਹਿਲਾ ਸ਼ਾਰਪ ਸ਼ੂਟਰ ਨੂੰ ਫੜਨਾ ਯੂਕਰੇਨੀ ਫੌਜ ਦੀ ਵੱਡੀ ਕਾਮਯਾਬੀ ਮੰਨੀ ਜਾ ਰਹੀ ਹੈ। ਇਰੀਨਾ ਸਟਾਰੀਕੋਵਾ 2014 ਤੋਂ ਯੂਕਰੇਨ ਦੇ ਖਿਲਾਫ ਲੜ ਰਹੀ ਹੈ। ਦੋਹਾਂ ਦੇਸ਼ਾਂ ਵਿਚਾਲੇ ਸਿੱਧੀ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਉਹ ਵੱਖਵਾਦੀਆਂ ਨਾਲ ਮਿਲ ਕੇ ਯੂਕਰੇਨੀ ਫੌਜ ਨੂੰ ਨਿਸ਼ਾਨਾ ਬਣਾ ਰਹੀ ਸੀ। ਯੂਕਰੇਨ ਨੂੰ ਇਸ ਖ਼ਤਰਨਾਕ ਮਹਿਲਾ ਸਿਪਾਹੀ ਦੀ ਲੰਮੇ ਸਮੇਂ ਤੋਂ ਤਲਾਸ਼ ਸੀ। ਜੰਗ ਦੇ ਮੈਦਾਨ ਵਿੱਚ ਫੜੇ ਜਾਣ ਤੋਂ ਬਾਅਦ ਯੂਕਰੇਨ ਦੇ ਸੈਨਿਕਾਂ ਨੇ ਸ਼ੁਰੂ ਵਿੱਚ ਉਸ ਨੂੰ ਪਛਾਣਿਆ ਨਹੀਂ ਸੀ। ਉਸ ਨੇ ਇਰੀਨਾ ਸਟਾਰੀਕੋਵਾ ਨੂੰ ਇੱਕ ਆਮ ਮਹਿਲਾ ਸਿਪਾਹੀ ਸਮਝ ਕੇ ਹਸਪਤਾਲ ਵਿੱਚ ਭਰਤੀ ਕਰਵਾਇਆ ਪਰ ਜਦੋਂ ਉਸ ਤੋਂ ਪੁੱਛਗਿੱਛ ਕੀਤੀ ਗਈ ਤਾਂ ਸਾਰੀ ਕਹਾਣੀ ਸਾਹਮਣੇ ਆ ਗਈ। ਇਰੀਨਾ ਯੂਕਰੇਨ ਦੇ ਅੰਦਰੂਨੀ ਹਿੱਸੇ @ਚ ਜੰਗ ਦੇ ਮੈਦਾਨ @ਚ ਜ਼ਖਮੀ ਹੋ ਗਈ ਸੀ, ਜਿਸ ਤੋਂ ਬਾਅਦ ਰੂਸੀ ਫੌਜੀਆਂ ਨੇ ਉਸ ਨੂੰ ਆਪਣੇ ਨਾਲ ਰੱਖਣਾ ਮੁਨਾਸਿਬ ਨਹੀਂ ਸਮਝਿਆ। ਰੂਸੀ ਸਿਪਾਹੀ ਜ਼ਖਮੀ ਇਰੀਨਾ ਨੂੰ ਛੱਡ ਕੇ ਅੱਗੇ ਵਧੇ, ਪਰ ਸਮੇਂ ਦੇ ਬੀਤਣ ਨਾਲ ਉਹ ਯੂਕਰੇਨੀ ਸੈਨਿਕਾਂ ਦੇ ਧਿਆਨ ਵਿਚ ਆ ਗਈ।



## ਪੰਜਾਬ ਵਿੱਚ ਹੁਣ ਸਮਾਰਟ ਬਿਲਿੰਗ ਰਾਹੀਂ ਹੀ ਬਿੱਲ ਮਿਲਣਗੇ

ਚੰਡੀਗੜ੍ਹ/ਵਿਨੋਦ ਸ਼ਰਮਾ

ਪਾਵਰਕਾਮ ਨੇ ਬਿਜਲੀ ਬਿੱਲ ਬਣਾਉਣ ਦਾ ਠੇਕਾ ਆਗਰਾ ਦੀ ਇਕ ਪ੍ਰਾਈਵੇਟ ਕੰਪਨੀ ਨੂੰ ਸੌਂਪ ਦਿੱਤਾ ਹੈ, ਜੋਕਿ ਇਕ ਅਪ੍ਰੈਲ ਤੋਂ ਲੋਕਾਂ ਦੇ ਘਰਾਂ ਵਿਚ ਜਾ ਕੇ ਮੀਟਰਾਂ ਦੀ ਸਮਾਰਟ ਬਿਲਿੰਗ ਦਾ ਕੰਮ ਸ਼ੁਰੂ ਕਰ ਦੇਵੇਗੀ। ਕੰਪਨੀ ਦੇ ਅਧਿਕਾਰੀਆਂ ਨੂੰ ਪਾਵਰਕਾਮ ਵੱਲੋਂ ਉਪਭੋਗਤਾ ਦਾ ਡਾਟਾ ਮੁਹੱਈਆ ਕਰਵਾ ਦਿੱਤਾ ਗਿਆ ਹੈ, ਜਿਸ ਕਾਰਨ ਬੀਤੇ ਦਿਨ ਸ਼ਹਿਰ ਦੀ ਹਰੇਕ ਡਿਵੀਜ਼ਨ ਵਿਚ ਪ੍ਰਾਈਵੇਟ ਕੰਪਨੀ ਦੇ ਕਰਮਚਾਰੀ ਬਿੱਲ ਕੱਟਦੇ ਹੋਏ ਦਿੱਸਣ ਨੂੰ ਮਿਲਣਗੇ। ਪਹਿਲੀ ਕੰਪਨੀ ਵੱਲੋਂ ਰੁਟੀਨ ਵਿਚ ਆ ਰਹੀਆਂ ਕਮੀਆਂ ਕਾਰਨ ਪਾਵਰਕਾਮ ਨੇ ਪੁਰਾਣੀ ਕੰਪਨੀ ਦੀ ਥਾਂ 'ਤੇ ਹੁਣ ਨਵੀਂ ਕੰਪਨੀ ਨੂੰ ਸਮਾਰਟ ਬਿਲਿੰਗ ਦਾ ਮੌਕਾ ਦਿੱਤਾ ਹੈ। ਪਾਵਰਕਾਮ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਨਵੀਂ ਕੰਪਨੀ ਵੱਲੋਂ ਬਿੱਲ ਬਣਾਉਣ ਦੇ ਕੰਮ ਦੀ ਲਗਾਤਾਰ ਚੈਕਿੰਗ ਕਰਵਾਈ ਜਾਵੇਗੀ।




## ਰੂਸ ਦੇ ਵਿਦੇਸ਼ ਮੰਤਰੀ ਦਾ ਭਾਰਤ ਦੌਰਾ ਜਾਰੀ

ਦਿੱਲੀ/ਕਪੂਰ

ਯੂਕਰੇਨ @ਤੇ ਰੂਸੀ ਹਮਲੇ @ਚ ਭਾਰਤ ਪਹੁੰਚੇ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਸ਼ੁੱਕਰਵਾਰ ਨੂੰ ਆਪਣੇ ਹਮਰੁਤਬਾ ਐੱਸ ਜੈਸ਼ੰਕਰ ਨਾਲ ਮੁਲਾਕਾਤ ਕੀਤੀ। ਮੀਟਿੰਗ @ਚ ਰੂਸੀ ਵਿਦੇਸ਼ ਮੰਤਰੀ ਨੇ ਭਾਰਤ-ਰੂਸ ਦੋਸਤੀ ਦਾ ਹਵਾਲਾ ਦਿੰਦੇ ਹੋਏ ਇਤਿਹਾਸਕ ਸੰਬੰਧਾਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਡੇ ਰਿਸ਼ਤੇ ਔਖੇ ਸਮੇਂ @ਚ ਵੀ ਮਜ਼ਬੂਤ ਰਹਿਣਗੇ। ਪੁਤਿਨ ਨੇ ਪ੍ਰਧਾਨ ਮੰਤਰੀ ਮੋਦੀ ਲਈ ਸ਼ੁੱਭਕਾਮਨਾਵਾਂ ਭੇਜੀਆਂ ਹਨ। ਰੂਸ ਨੇ ਯੂਕਰੇਨ @ਤੇ ਭਾਰਤ ਦੇ ਸਟੈਂਡ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਭਾਰਤ ਯੂਕਰੇਨ ਦੇ ਮੁੱਦੇ ਨੂੰ ਇਕਪਾਸੜ ਤਰੀਕੇ ਨਾਲ ਨਹੀਂ ਦੇਖ ਰਿਹਾ।

## ਪਾਕਿਸਤਾਨ 'ਚ ਇਮਰਾਨ ਖਾਨ ਨੇ ਗੁਆਇਆ ਬਹੁਮਤ ਕੁਰਸੀ ਜਾ ਸਕਦੀ ਹੈ



ਨਵੀਂ ਦਿੱਲੀ/ਲੋਕ ਬਾਣੀ

ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨੇ ਬੁੱਧਵਾਰ ਨੂੰ ਕਿਹਾ ਕਿ ਇਮਰਾਨ ਖਾਨ ਨੈਸ਼ਨਲ ਅਸੈਂਬਲੀ ਵਿੱਚ ÷ਹੁਣ ਬਹੁਮਤ ਗੁਆ ਚੁੱਕੇ ਹਨ÷ ਅਤੇ ਵਿਰੋਧੀ ਧਿਰ ਦੇ ਨੇਤਾ ਸ਼ਾਹਬਾਜ਼ ਸ਼ਰੀਫ ਜਲਦੀ ਹੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ।

ਅਗਲੇ ਕੁਝ ਦਿਨਾਂ ਵਿੱਚ ਹੋਣ ਵਾਲੇ ਭਰੋਸੇ ਦੇ ਵੋਟ ਤੋਂ ਪਹਿਲਾਂ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਿਤ ਕਰਦੇ ਹੋਏ, ਬਿਲਾਵਲ ਭੁੱਟੋ ਨੇ ਵਿਰੋਧੀ ਧਿਰ ਨਾਲ ਹੱਥ ਮਿਲਾਉਣ ਲਈ ਮੁਤਾਹਿਦਾ ਕੌਮੀ ਮੂਵਮੈਂਟ-ਪਾਕਿਸਤਾਨ (ਐਮਕਿਊਐਮ-ਪੀ) ਦਾ ਧੰਨਵਾਦ ਕੀਤਾ ਅਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਬੇਭਰੋਸਗੀ ਵੋਟ ਵਿੱਚ ਸਮਰਥਨ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਵੀਰਵਾਰ ਨੂੰ ਵੋਟਿੰਗ ਹੋਣੀ ਚਾਹੀਦੀ ਹੈ।

ਪੀਪੀਪੀ ਚੇਅਰਮੈਨ ਨੇ ਕਿਹਾ, ÷ਇਮਰਾਨ ਖਾਨ ਹੁਣ ਆਪਣਾ ਬਹੁਮਤ ਗੁਆ ਚੁੱਕੇ ਹਨ। ਉਹ ਹੁਣ ਪ੍ਰਧਾਨ ਮੰਤਰੀ ਨਹੀਂ ਰਹੇ। ਭਲਕੇ ਸੰਸਦ ਦਾ ਸੈਸ਼ਨ ਹੈ। ਭਲਕੇ ਵੋਟਿੰਗ ਕਰਵਾ ਕੇ ਇਸ ਮਾਮਲੇ ਦਾ ਨਿਪਟਾਰਾ ਕਰੀਏ। ਅਸੀਂ ਫਿਰ ਪਾਰਦਰਸ਼ੀ ਚੋਣਾਂ @ਤੇ ਕੰਮ ਕਰਨਾ ਸ਼ੁਰੂ ਕਰ ਸਕਦੇ ਹਾਂ ਅਤੇ ਲੋਕਤੰਤਰ ਦੀ ਬਹਾਲੀ ਅਤੇ ਆਰਥਿਕ ਸੰਕਟ ਦੇ ਅੰਤ ਵੱਲ ਯਾਤਰਾ ਸ਼ੁਰੂ ਹੋ ਸਕਦੀ ਹੈ।

ਬਿਲਾਵਲ ਭੁੱਟੋ ਨੇ ਇਹ ਵੀ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਭਰਾ ਸ਼ਾਹਬਾਜ਼ ਸ਼ਰੀਫ ਜਲਦੀ ਹੀ ਦੇਸ਼ ਦੇ ਪ੍ਰਧਾਨ ਮੰਤਰੀ ਬਣਨਗੇ। ਪੀਪੀਪੀ ਅਤੇ ਐਮਕਿਊਐਮ-ਪੀ ਦੇ ਕੇਂਦਰੀ ਸਬੰਧਾਂ ਦਾ ਅਵਿਸ਼ਵਾਸ ਪ੍ਰਸਤਾਵ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

## ਕਾਂਗਰਸੀ ਸੰਸਦਾਂ ਦੀ 5 ਨੂੰ ਬੁਲਾਈ ਸੋਨੀਆ ਗਾਂਧੀ ਨੇ ਬੈਠਕ



ਦਿੱਲੀ,ਕਪੂਰ

ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੀ ਪ੍ਰਧਾਨਗੀ ਹੇਠ 5 ਅਪਰੈਲ ਨੂੰ ਪਾਰਟੀ ਦੀ ਸੰਸਦੀ ਦਲ ਦੀ ਮੀਟਿੰਗ ਹੋਵੇਗੀ, ਜਿਸ ਵਿੱਚ ਸੰਸਦ ਦੇ ਦੋਵਾਂ ਸਦਨਾਂ ਵਿੱਚ ਮੌਜੂਦਾ ਸਿਆਸੀ ਸਥਿਤੀ ਅਤੇ ਭਵਿੱਖ ਦੀ ਰਣਨੀਤੀ ਬਾਰੇ ਚਰਚਾ ਕੀਤੀ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਮੰਗਲਵਾਰ ਨੂੰ ਸੰਸਦ ਦੇ ਸੈਂਟਰਲ ਹਾਲ ਵਿੱਚ ਹੋਣ ਵਾਲੀ ਕਾਂਗਰਸ ਸੰਸਦੀ ਪਾਰਟੀ (ਸੀਪੀਪੀ) ਦੀ ਮੀਟਿੰਗ ਵਿੱਚ ਪਾਰਟੀ ਦੇ ਲੋਕ ਸਭਾ ਅਤੇ ਰਾਜ ਸਭਾ ਮੈਂਬਰ ਸ਼ਾਮਲ ਹੋਣਗੇ।

## ਕਿਸਾਨਾਂ ਲਾਇਆ ਦਸੂਹਾ ਵਿੱਚ ਰਾਜ ਮਾਰਗ ਤੇ ਧਰਨਾ

ਦਸੂਹਾ/ਕੁੰਦਨ ਲਾਲ:- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਕਿਸਾਨ ਨਿਰਮਲ ਸਿੰਘ ਨੂੰ ਮੁਕੇਰੀਆਂ ਪੁਲਿਸ ਵਲੋਂ ਅੱਜ ਤੋਂ ਚਾਰ ਦਿਨ ਪਹਿਲਾਂ ਹਿਰਾਸਤ ਵਿਚ ਲਿਆ ਸੀ, ਉਸਦੇ ਸੰਬੰਧ ਵਿਚ ਮੁਕੇਰੀਆਂ ਥਾਣੇ ਵਿਚ ਧਰਨਾ ਲਗਾਇਆ ਗਿਆ ਸੀ। ਕਿਸਾਨ ਮੰਗ ਕਰ ਰਹੇ ਸਨ ਕਿ ਨਿਰਮਲ ਸਿੰਘ @ਤੇ ਜੰਗਲਾਤ ਵਿਭਾਗ ਵਲੋਂ ਝੂਠਾ ਪਰਚਾ ਕਰਕੇ ਜੇਲ੍ਹ ਅੰਦਰ ਡੱਕ ਦਿੱਤਾ ਗਿਆ। ਚਾਰ ਦਿਨ ਤੋਂ ਪ੍ਰਸ਼ਾਸਨ ਵਲੋਂ ਧਰਨਾਕਾਰੀਆਂ ਦੀ ਕੋਈ ਗੱਲਬਾਤ ਨਹੀਂ ਸੁਣੀ ਗਈ, ਜਿਸ ਕਰਕੇ ਗੁੱਸੇ ਵਿਚ ਆ ਕੇ ਅੱਜ ਕਿਸਾਨਾਂ ਨੇ ਇਹ ਹਾਜੀਪੁਰ ਚੌਂਕ ਦਸੂਹਾ ਵਿਖੇ ਧਰਨਾ ਲਗਾ ਕੇ ਜਲੰਧਰ ਪਠਾਨਕੋਟ ਜੰਮੂ ਮੁੱਖ ਮਾਰਗ ਪੂਰੀ ਤਰ੍ਹਾਂ ਜਾਮ ਕਰ ਦਿੱਤਾ ਹੈ।


ਰਾਏਕੋਟ ਤੋਂ ਵਿਸਾਖੀ ਮੌਕੇ ਵਿਸ਼ੇਸ਼ ਸਪਲੀਮੈਂਟ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਵੱਲੋਂ ਵਿਸਾਖੀ ਮੌਕੇ ਰਾਏਕੋਟ ਤੋਂ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ । ਖ਼ਬਰਾ ਅਤੇ ਇਸ਼ਤਿਹਾਰ ਦੇਣ ਲਈ ਸਾਡੇ ਪੱਤਰਕਾਰ ਨਾਮਪ੍ਰੀਤ ਸਿੰਘ ਸਿਧਾੜ ਨਾਲ ਸੰਪਰਕ ਕਰੋ ਮੋ:-82736-00044

ਪਟਿਆਲ਼ਾ ਤੋਂ ਵਿਸਾਖੀ ਮੌਕੇ ਵਿਸ਼ੇਸ਼ ਸਪਲੀਮੈਂਟ

ਅਦਾਰਾ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਵੱਲੋਂ ਵਿਸਾਖੀ ਮੌਕੇ ਪਟਿਆਲ਼ਾ ਤੋਂ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ । ਖ਼ਬਰਾ ਅਤੇ ਇਸ਼ਤਿਹਾਰ ਦੇਣ ਲਈ ਸਾਡੇ ਜ਼ਿਲਾ ਇੰਚਾਰਜ ਜਗਦੀਸ਼ ਕੁਮਾਰ ਨਾਲ ਸੰਪਰਕ ਕਰੋ ਮੋ- 9872180059

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਚੰਡੀਗੜ੍ਹ ਪੰਜਾਬ ਨੂੰ ਦੇਣ ਲਈ 7ਵੀਂ ਵਾਰ ਵਿਧਾਨ ਸਭਾ 'ਚ ਆਇਆ ਮਤਾ, ਕਾਂਗਰਸ ਰਾਜ 'ਚ ਇੱਕ ਵਾਰ ਵੀ ਮਤਾ ਪੇਸ਼ ਨਹੀਂ ਹੋਇਆ: ਅਮਨ ਅਰੋੜਾ



**ਚੰਡੀਗੜ੍ਹ/ਲੋਕ ਬਾਣੀ**

ਪੰਜਾਬ ਵਿਧਾਨ ਸਭਾ ਵਿੱਚ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ 7 ਵਾਰ ਮਤਾ ਆਇਆ ਹੈ। ਜਦੋਂਕਿ ਕਾਂਗਰਸ ਦੇ ਰਾਜ ਵਿੱਚ ਕਦੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਮਤਾ ਨਹੀਂ ਆਇਆ ਹੈ। ਇਸ ਦਾ ਖੁਲਾਸਾ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਵਿਧਾਨ ਸਭਾ ਵਿੱਚ ਕੀਤਾ। ਉਹ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚੰਡੀਗੜ੍ਹ ਪੰਜਾਬ ਨੂੰ ਦੇਣ ਤੇ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਤਕਰੇ ਖਿਲਾਫ ਪੇਸ਼ ਕੀਤੇ ਗਏ ਮਤੇ ਦੇ ਸਮਰਥਨ ਵਿੱਚ ਬੋਲ ਰਹੇ ਸਨ।

ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਕਾਂਗਰਸ ਦੀ 26 ਸਾਲ ਸਰਕਾਰ ਰਹੀ ਹੈ। ਅਰੋੜਾ ਨੇ ਕਿ ਐਸਵਾਈਐਲ ਦੇ ਮੁੱਦੇ @ਤੇ ਇੱਕ ਦਿਨ ਦੀ ਚਰਚਾ ਕਰਵਾਈ ਜਾਵੇ। ਅਰੋੜਾ ਨੇ ਕਿਹਾ ਕਿ ਕੇਂਦਰ ਦੇ ਖ਼ਿਲਾਫ਼ ਲੜਾਈ ਠੋਕ ਕੇ ਲੜਾਂਗੇ। ਅਰੋੜਾ ਨੇ ਕਿਹਾ ਕਿ ਨਾ ਅਸੀਂ ਈਡੀ ਤੋਂ ਡਰਦੇ ਹਾਂ।

ਦੱਸ ਦਈਏ ਕਿ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਸੀਐਮ ਭਗਵੰਤ ਮਾਨ ਨੇ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਹੈ। ਮਤਾ ਪੇਸ਼ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਪੰਜਾਬ ਪੁਨਰਗਠਨ ਐਕਟ ਤਹਿਤ ਚੰਡੀਗੜ੍ਹ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਇਆ ਗਿਆ ਸੀ। ਪੰਜਾਬ ਦਾ ਕੁਝ ਹਿੱਸਾ ਚੰਡੀਗੜ੍ਹ ਨੂੰ ਦਿੱਤਾ ਗਿਆ ਸੀ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਹਾਲ ਹੀ ਵਿੱਚ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀਆਂ ਅਸਾਮੀਆਂ ਲਈ ਸਾਰੀਆਂ ਸਰਕਾਰਾਂ ਨੂੰ ਕਿਹਾ ਹੈ। ਪਹਿਲਾਂ ਇਹ ਅਸਾਮੀਆਂ ਪੰਜਾਬ ਤੋਂ ਭਰੀਆਂ ਜਾਂਦੀਆਂ ਸਨ। ਚੰਡੀਗੜ੍ਹ ਵਿੱਚ ਵੀ ਕੇਂਦਰ ਨੇ ਬਾਹਰੋਂ ਅਧਿਕਾਰੀ ਤਾਇਨਾਤ ਕਰ ਦਿੱਤੇ ਹਨ। ਇਸ ਦੇ ਨਾਲ ਹੀ ਚੰਡੀਗੜ੍ਹ ਵਿੱਚ ਕੇਂਦਰੀ ਕਾਨੂੰਨ ਲਾਗੂ ਕਰ ਦਿੱਤਾ ਗਿਆ ਹੈ। ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਜਦੋਂ ਵੀ ਕਿਸੇ ਸੂਬੇ ਦੀ ਵੰਡ ਹੋਈ ਤਾਂ ਰਾਜਧਾਨੀ ਮੂਲ ਰਾਜ ਕੋਲ ਹੀ ਰਹੀ। ਇਸ ਲਈ ਚੰਡੀਗੜ੍ਹ @ਤੇ ਪੰਜਾਬ ਦਾ ਦਾਅਵਾ ਹੈ। ਇਸ ਤੋਂ ਪਹਿਲਾਂ ਵੀ ਸਦਨ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਕਈ ਮਤੇ ਪਾਸ ਕੀਤੇ। ਚੰਡੀਗੜ੍ਹ ਤੁਰੰਤ ਪੰਜਾਬ ਨੂੰ ਦੇਣ ਦਾ ਮਤਾ ਪਾਸ ਕੀਤਾ ਜਾ ਰਿਹਾ ਹੈ। ਕੇਂਦਰ ਨੂੰ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ ਜਿਸ ਨਾਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਤੇ ਚੰਡੀਗੜ੍ਹ ਦਾ ਸੰਤੁਲਨ ਵਿਗੜਦਾ ਹੋਵੇ।

# ਨਾਭਾ: ਚਿੱਪ ਵਾਲੇ ਮੀਟਰ ਲਾਉਣ ਆਏ ਬਿਜਲੀ ਬੋਰਡ ਦੇ ਕਰਮਚਾਰੀਆਂ ਨੂੰ ਕਿਸਾਨ ਆਗੂਆਂ ਨੇ ਬਣਾਇਆ ਬੰਧਕ

**ਨਾਭਾ/ਲੋਕ ਬਾਣੀ:** ਹਲਕਾ ਨਾਭਾ ਦੇ ਪਿੰਡ ਸੌਂਸਪੁਰ @ਚ ਚਿੱਪ ਵਾਲੇ ਮੀਟਰ ਲਾਉਣ ਆਏ ਬਿਜਲੀ ਬੋਰਡ ਦੇ ਕਰਮਚਾਰੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਬੰਧਕ ਬਣਾਏ। ਮੌਕੇ @ਤੇ ਪੁੱਜ ਕੇ ਐੱਸ.ਡੀ.ਓ. ਬਿਜਲੀ ਬੋਰਡ ਭਾਦਸੋਂ ਵਲੋਂ ਬੰਧਕਾਂ ਨੂੰ ਛਡਾਇਆ ਗਿਆ ਤੇ ਕਿਸਾਨ ਯੂਨੀਅਨ ਅੱਗੇ ਮੀਟਰ ਨਾ ਲਗਾਉਣ ਦੀ ਮੰਗ ਮੰਨੀ।

# ਜੇਲ੍ਹ 'ਚੋਂ ਫੋਨ ਕਰ ਕੈਦੀ ਨੇ ਮੰਗੀ ਇਕ ਲੱਖ ਦੀ ਫਿਰੌਤੀ

**ਜਲੰਧਰ/ਲੋਕ ਬਾਣੀ:-** ਲੁਧਿਆਣਾ ਜੇਲ੍ਹ 'ਚ ਸਜ਼ਾ ਕੱਟ ਰਹੇ ਥਾਣਾ ਸਦਰ ਜਲੰਧਰ ਦੇ ਪਿੰਡ ਰਾਏਪੁਰ-ਫਰਾਲਾ ਦੇ ਰਹਿਣ ਵਾਲੇ ਕੈਦੀ ਕੁਲਵਿੰਦਰ ਬਿੱਲਾ ਪੁੱਤਰ ਪਰਮਜੀਤ ਪਾਲ 'ਤੇ ਥਾਣਾ ਹਰਿਆਣਾ (ਹੁਸ਼ਿਆਰਪੁਰ) ਦੀ ਪੁਲਸ ਨੇ ਚਰਨਜੀਤ ਬੱਗਾ ਨੂੰ ਧਮਕਾ ਕੇ ਇਕ ਲੱਖ ਦੀ ਫਿਰੌਤੀ ਮੰਗਣ ਦੇ ਮਾਮਲੇ 'ਚ ਐੱਫ. ਆਈ. ਆਰ. ਦਰਜ ਕੀਤੀ ਹੈ। ਐੱਸ. ਐੱਚ. ਓ. ਹਰਿਆਣਾ ਗੁਰਿੰਦਰਜੀਤਿ ਸੰਘ ਨਾਗਰਾ ਨੇ ਦੱਸਿਆ ਕਿ ਕਸਬਾ ਹਰਿਆਣਾ ਵਿਚ ਬੱਗਾ ਜਿਊਲਰ ਦੇ ਨਾਂ ਨਾਲ ਸੁਨਿਆਰੇ ਦੀ ਦੁਕਾਨ ਕਰਦੇ ਚਰਨਜੀਤ ਬੱਗਾ ਪੁੱਤਰ ਮੋਹਨ ਲਾਲ ਬੱਗਾ ਨਿਵਾਸੀ ਸ਼ੀਸ਼ ਮਹਿਲ, ਥਾਣਾ ਸਿਟੀ ਹੁਸ਼ਿਆਰਪੁਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ 26 ਮਾਰਚ ਨੂੰ ਉਹ ਆਪਣੀ ਦੁਕਾਨ 'ਤੇ ਮੌਜੂਦ ਸੀ। ਸਵੇਰੇ 10.42 'ਤੇ ਉਸ ਦੇ ਮੋਬਾਇਲ ਨੰਬਰ 98142-59437 'ਤੇ ਫੋਨ ਕਰਨ ਵਾਲੇ ਨੇ ਕਿਹਾ ਕਿ ਉਹ ਕੁਲਵਿੰਦਰ ਬਿੱਲਾ ਬੋਲ ਰਿਹਾ ਹੈ। ਉਸ ਨੇ ਉਸ ਕੋਲੋਂ ਇਕ ਲੱਖ ਰੁਪਏ ਦੀ ਫਿਰੌਤੀ ਮੰਗੀ। ਐੱਸ. ਐੱਚ. ਓ. ਨਾਗਰਾ ਨੇ ਕਿਹਾ ਕਿ ਬਿੱਲਾ ਨੂੰ ਪੁਲਸ ਲੁਧਿਆਣਾ ਜੇਲ੍ਹ 'ਚੋਂ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਉਸ ਦਾ ਪੁਲਸ ਰਿਮਾਂਡ ਲੈ ਕੇ ਉਸ ਖ਼ਿਲਾਫ਼ ਚਰਨਜੀਤ ਬੱਗਾ ਦੀ ਸ਼ਿਕਾਇਤ 'ਤੇ ਦਰਜ ਕੀਤੇ ਗਏ ਕੇਸ ਨੂੰ ਲੈ ਕੇ ਪੁੱਛਗਿੱਛ ਕਰੇਗੀ।

# ਹਥਿਆਰਾਂ ਦੀ ਨੋਕ 'ਤੇ ਲੁਟੇਰਿਆਂ ਨੇ ਫਾਇਨਾਂਸ ਦਫਤਰ 'ਚੋਂ 10 ਲੱਖ ਲੁੱਟੇ

**ਅੰਮ੍ਰਿਤਸਰ/ਜੰਡਿਆਲਾ ਗੁਰੂ/ਲੋਕ ਬਾਣੀ**

ਬੁੱਧਵਾਰ ਦੇਰ ਰਾਤ ਜੰਡਿਆਲਾ ਗੁਰੂ ਸਥਿਤ ਇਕ ਫਾਇਨਾਂਸ ਦਫਤਰ 'ਚ ਹਥਿਆਰਬੰਦ 4 ਨਕਾਬਪੋਸ਼ ਲੁਟੇਰਿਆਂ ਵੱਲੋਂ 10 ਲੱਖ ਦੀ ਨਕਦੀ ਖੋਹ ਕੇ ਫਰਾਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਸਬੰਧੀ ਥਾਣਾ ਜੰਡਿਆਲਾ ਪੁਲਸ ਨੇ ਅਣਪਛਾਤੇ ਲੁਟੇਰਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਗੁਰਪ੍ਰੀਤ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਕੁੰਡਲ, ਜ਼ਿਲ੍ਹਾ ਫਾਜ਼ਿਲਕਾ ਨੇ ਦੱਸਿਆ ਕਿ ਉਹ ਫਿਊਜ਼ਨ ਮਾਈਕਰੋ ਫਾਇਨਾਂਸ ਲਿਮਟਿਡ 'ਚ ਬਤੌਰ ਮੈਨੇਜਰ ਲੱਗਾ ਹੋਇਆ ਹੈ। ਉਸ ਨੂੰ ਆਪਣੇ ਡੀ. ਐੱਮ. ਵਿਸ਼ਾਲ ਸੈਣੀ ਦਾ ਮੈਸੇਜ ਆਇਆ ਕਿ ਕੈਸ਼ ਜਮ੍ਹਾ ਕਰਵਾਓ, ਜਿਸ ਦੌਰਾਨ ਤੁਰੰਤ ਉਸ ਨੇ ਆਪਣੇ ਸਾਥੀਆਂ ਨਾਲ ਕੁਲੈਕਸ਼ਨ ਸ਼ੁਰੂ ਕਰ ਦਿੱਤੀ




। ਇਸ ਦੌਰਾਨ ਅਚਾਨਕ ਮੋਟਰਸਾਈਕਲਾਂ 'ਤੇ ਹਥਿਆਰਬੰਦ 4 ਨਕਾਬਪੋਸ਼ ਦਫਤਰ 'ਚ ਦਾਖਲ ਹੋਏ ਅਤੇ ਹਥਿਆਰਾਂ ਦੀ ਨੋਕ 'ਤੇ 10 ਲੱਖ 34 ਹਜ਼ਾਰ 606 ਰੁਪਏ ਖੋਹ ਕੇ ਫਰਾਰ ਹੋ ਗਏ।

# ਭਾਰਤ ਪਾਕਿਸਤਾਨ ਰੀਟਰੀਟ ਸੈਰੇਮਨੀ ਦੇ ਸਮੇਂ 'ਚ ਹੋਈ ਤਬਦੀਲੀ

**ਅਟਾਰੀ/ਲੋਕ ਬਾਣੀ**

ਭਾਰਤ ਪਾਕਿਸਤਾਨ ਦੋਹਾਂ ਗੁਆਂਢੀ ਦੇਸ਼ਾਂ ਦੀਆਂ ਸਰਹੱਦੀ ਫੌਜਾਂ ਦੀ ਕੌਮਾਂਤਰੀ ਅਟਾਰੀ ਵਾਹਗਾ ਸਰਹੱਦ 'ਤੇ ਹੋਣ ਵਾਲੀ ਸਾਂਝੀ ਰੀਟਰੀਟ ਸੈਰੇਮਨੀ ਦਾ ਸਮਾਂ ਤਬਦੀਲ ਹੋ ਗਿਆ ਹੈ। ਇਹ ਸਮਾਂ ਗਰਮੀ ਦੇ ਮੌਸਮ ਕਾਰਨ ਬਾਰਡਰ ਸਕਿਉਰਿਟੀ ਫੋਰਸ ਅਤੇ ਪਾਕਿਸਤਾਨ ਸਤਲੁਜ ਰੇਂਜਰਜ਼ ਦੇ ਉੱਚ ਅਧਿਕਾਰੀਆਂ ਦੀ ਗੱਲਬਾਤ ਅਤੇ ਹੋਏ ਸਮਝੌਤੇ ਤਹਿਤ ਕਰ ਦਿੱਤਾ ਜਾਂਦਾ ਹੈ । ਦੱਸਣਯੋਗ ਹੈ ਕਿ ਪਹਿਲਾਂ ਸਰਦੀਆਂ ਦੇ ਮੌਸਮ ਵਿਚ ਰੀਟਰੀਟ ਸੈਰੇਮਨੀ ਦਾ ਸਮਾਂ ਪੰਜ ਤੋਂ ਸਾਢੇ ਪੰਜ ਵਜੇ ਦਾ ਸੀ , ਜੋ ਗਰਮੀਆਂ ਦੇ ਮੌਸਮ ਵਿਚ ਸਾਢੇ ਪੰਜ ਤੋਂ ਸ਼ਾਮ ਛੇ ਵਜੇ ਤੱਕ ਕਰ ਦਿੱਤਾ ਗਿਆ ਹੈ। ਇਕ ਅਪ੍ਰੈਲ ਨੂੰ ਦੋਹਾਂ ਦੇਸ਼ਾਂ ਦੀਆਂ ਸਰਹੱਦੀ ਫੌਜਾਂ ਦੀ ਝੰਡੇ ਦੀ ਰਸਮ ਨਵੇਂ ਸਮੇਂ ਅਨੁਸਾਰ ਹੋਈ ਹੈ।

# ਲੰਬੀ ਵਿਖੇ ਕਿਸਾਨਾਂ 'ਤੇ ਹੋਏ ਲਾਠੀਚਾਰਜ ਦੇ ਵਿਰੋਧ ਵਿੱਚ ਕਿਸਾਨਾਂ ਕੀਤੀ ਰੈਲੀ

**ਸ੍ਰੀ ਮੁਕਤਸਰ ਸਾਹਿਬ/ਲੋਕ ਬਾਣੀ**

ਲੰਬੀ ਵਿਖੇ ਹੋਏ ਕਿਸਾਨਾਂ ਦੇ ਉੱਪਰ ਲਾਠੀਚਾਰਜ ਨੂੰ ਲੈਕੇ ਬੀਕੇਯੂ ਉਗਰਾਹਾਂ ਦੇ ਵੱਲੋਂ ਮੁਕਤਸਰ ਦੇ ਕੋਟਕਪੂਰਾ ਬਠਿੰਡਾ ਬਾਈਪਾਸ ਰੋਡ ਉਤੇ ਸੂਬਾ ਪੱਧਰੀ ਰੈਲੀ ਕੀਤੀ । ਰੈਲੀ ਵਿੱਚ ਡੀਸੀ ਮੁਕਤਸਰ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ । ਰੈਲੀ ਵਿੱਚ ਪਹੁੰਚੇ ਪੱਚੀ ਹਜ਼ਾਰ ਤੋਂ ਜ਼ਿਆਦਾ ਕਿਸਾਨਾਂ ਨੇ ਜਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਦੇ ਵਿੱਚ ਬੀਤੇ ਦਿਨ੍ਹੀਂ ਹਲਕਾ ਲੰਬੀ ਵਿਖੇ ਨਾਇਬ ਤਹਿਸੀਲਦਾਰ ਦਾ ਘਿਰਾਓ ਕਰੀ ਬੈਠੇ (ਕਿਸਾਨ) ਗੁਲਾਬੀ ਸੁੰਡੀ ਨਾਲ ਖਰਾਬ ਹੋਏ ਨਰਮੇ ਦੇ ਮੁਆਵਜੇ ਦੀ ਮੰਗ ਕਰਦੇ ਕਿਸਾਨਾਂ ਉੱਪਰ ਪੁਲਿਸ ਵੱਲੋਂ ਕੀਤੇ ਲਾਠੀਚਾਰਜ ਦੀ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਨੇ ਜਿੱਥੇ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ।ਉਨ੍ਹਾਂ ਇਸ ਸਾਰੀ ਘਟਨਾ ਦੇ ਜਿੰਮੇਵਾਰ ਜਿਲ੍ਹਾ ਪੁਲਿਸ ਮੁਖੀ, ਉਪ ਮੰਡਲ ਅਫਸਰ ਅਤੇ ਉਪ ਪੁਲਿਸ ਕਪਤਾਨ ਨੂੰ ਮੰਨਦਿਆਂ ਉਨ੍ਹਾਂ ਉੱਪਰ ਵਿਭਾਗੀ ਕਾਰਵਾਈ ਦੀ ਮੰਗ ਕਰਦਿਆਂ ਨਾ ਹੋਣ ਦੀ ਸੂਰਤ ਵਿੱਚ ਸੰਘਰਸ਼ ਵਿੱਢਣ ਦੀ ਚੇਤਾਵਨੀ ਵੀ ਦਿੱਤੀ ਸੀ। ਪਰ ਚਾਰ ਦਿਨ ਬੀਤ ਜਾਣ ਦੇ ਬਾਅਦ ਵੀ ਕੋਈ ਕਾਰਵਾਈ ਨਾ ਹੁੰਦੀ ਵੇਖ ਅੱਜ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ 'ਚ ਸੈਂਕੜਿਆਂ ਕਿਸਾਨਾਂ ਨੇ ਮੰਗਾਂ ਨਾ ਪੂਰੀਆਂ ਹੋਣ ਤੱਕ ਜਿਲ੍ਹਾ ਮਖੀ ਦੇ ਦਫਤਰ ਦੇ 'ਬਾਰ' ਮੂਹਰੇ ਪੱਕਾ ਧਰਨਾ ਵਿੱਢ ਦਿੱਤਾ। ਇਸ ਦੌਰਾਣ ਉਨ੍ਹਾਂ ਜੰਮ ਕੇ ਜਿਲ੍ਹਾ ਪ੍ਰਸ਼ਾਸ਼ਨ ਅਤੇ



ਪੰਜਾਬ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ। ਇਹ ਕਿਸਾਨ ਜਿੱਥੇ ਉਨ੍ਹਾਂ ਦੇ ਨੁਕਸਾਨੇ ਨਰਮੇ ਦੇ ਮੁਆਵਜੇ ਦੀ ਮੰਗ ਕਰ ਰਹੇ ਸਨ ਉੱਥੇ ਹੀ ਲੰਬੀ ਦੀ ਘਟਨਾ ਦਾ ਜਿੰਮੇਵਾਰ ਜਿਲ੍ਹਾ ਪੁਲਿਸ ਮੁਖੀ, ਉਪ ਮੰਡਲ ਅਫਸਰ ਅਤੇ ਉਪ ਪੁਲਿਸ ਕਪਤਾਨ ਮਲੋਟ ਨੂੰ ਮੰਨਦਿਆਂ ਉਨ੍ਹਾ ਉਪਰ ਸਖ਼ਤ ਵਿਭਾਗੀ ਕਾਰਵਾਈ ਦੀ ਮੰਗ ਵੀ ਕਰ ਰਹੇ ਸਨ।

ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਜੋਗਿੰਦਰ ਸਿੰਘ ਨੇ ਕਿਹਾ ਕਿ ਬੀਤੀ 28 ਤਾਰੀਕ ਨੂੰ ਲੰਬੀ ਵਿਖੇ ਤਹਿਸੀਲਦਾਰ ਦੇ ਦਫਤਰ ਮੂਹਰੇ ਧਰਨਾ ਲਾਇਆ ਗਿਆ ਸੀ, ਉਸ ਉੱਪਰ ਦੇਰ ਰਾਤ ਕਰੀਬ 11 ਵਜੇ ਪੁਲਿਸ ਵੱਲੋਂ ਹੱਕ ਮੰਗਦੇ ਕਿਸਾਨਾਂ ਉੱਪਰ ਅਨ੍ਹੇਵਾਹ ਡਾਗਾਂ ਵਰਾਈਆਂ ਗਈਆਂ। ਅੱਜ ਦਾ ਇਹ ਪੱਕਾ ਧਰਨਾ ਉਸ ਦਿਨ ਕਿਸਾਨਾਂ 'ਤੇ ਹੋਏ ਪੁਲਿਸੀਆ ਤਸ਼ੱਦਦ ਦੇ ਖਿਲਾਫ਼ ਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਨਾਇਬ ਤਹਿਸੀਲਦਾਰ ਦਾ ਘਿਰਾਓ ਅਤੇ ਉਸ ਨੂੰ ਲੈਕੇ ਪੁਲਿਸ ਵੱਲੋਂ ਲਾਠੀਚਾਰਜ ਦਾ ਮੁੱਖ ਜਿੰਮੇਵਾਰ ਉਹ ਜਿਲ੍ਹਾ ਮੁਖੀ ਸ਼੍ਰੀ ਮੁਤਸਰ ਸਾਹਿਬ ਨੂੰ ਮੱਲਦੇ ਹਨ ਜਿਨ੍ਹਾਂ ਆਪਣੀ ਬਣਦੀ ਡਿਊਟੀ ਸਹੀ ਢੰਗ ਨਾਲ ਨਹੀਂ ਨਿਭਾਈ। ਕਿਸਾਨਾਂ ਨੂੰ ਮੁਆਵਜਾ ਨਾ ਮਿਲਣ, ਮੁਕਤਸਰ ਜਿਲ੍ਹੇ ਦੇ ਖੇਤਾਂ ਦੀ ਸਮੁੱਚੀ ਗਿਰਦਾਵਰੀ ਨਾ ਹੋਣ ਦਾ ਜਿੰਮੇਵਾਰ ਵੀ ਜਿਲ੍ਹਾ ਮੁਖੀ ਹੀ ਹੈ। ਸੋ ਜਿਲ੍ਹਾ ਮੁਖੀ ਦੀ ਗੈਰਜਿੰਮਵਰਾਨਾ ਕਾਰਗੁਜਾਰੀ ਕਾਰਨ ਹੀ ਅੱਜ ਇਹ ਕਦਮ ਪੁੱਟਣਾ ਪਿਆ ਹੈ। ਪਟਵਾਰੀਆਂ ਵੱਲੋਂ ਇਹ ਕਹੇ ਜਾਣ ਕਿ ਕਈ ਕਿਸਾਨ ਬਿਨ੍ਹਾਂ ਨੁਕਸਾਨ ਤੋਂ ਮੁਅਵਜਾ ਮੰਗ ਰਹੇ, ਬਾਬਤ ਕੀਤੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਉਹ ਬਿਨ੍ਹਾਂ ਨੁਕਸਾਨੀ ਗਈ ਕਿਸੇ ਵੀ ਜਿਣਸ ਲਈ ਕਿਸੇ ਵੀ ਤਰਾਂ ਦਾ ਮੁਆਵਜਾ ਦਿੱਤੇ ਜਾਣ ਦੇ ਹਾਮੀ ਨਹੀਂ ਹਨ। ਉਨ੍ਹਾਂ ਕਿਹਾ ਕਿ ਮਾਲ ਮਹਿਕਮੇ ਨੂੰ ਪਹਿਲਾਂ ਲਿਸਟਾਂ ਬਨਾਉਣੀਆਂ ਚਾਹੀਦੀਆਂ ਹਨ ਤੇ ਜੋਵੀ ਮੁਆਵਜੇ ਦਾ ਅਸਲ ਹੱਕਦਾਰ ਹੈ ਉਸ ਨੂੰ ਦਿੱਤਾ ਜਾਣਾ ਚਾਹੀਦਾ ਹੈ ਤੇ ਦੂਸਰਿਆਂ 'ਤੇ ਬਣਦੀ ਕਾਰਵਾਈ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਜੇਕਰ ਕੋਈ ਨੁਕਸਾਨ ਨੂੰ ਲੈਕੇ ਝੂਠ ਬੋਲਦਾ ਹੈ ਜਾਂ ਮੁਆਵਜੇ ਲਈ ਜਿਣਸ ਹੀ ਗਲਤ ਦਰਜ਼ ਕਰਾਉਂਦਾ ਹੈ ਤਾਂ ਉਨ੍ਹਾਂ ਦੀ ਜਥੇਬੰਦੀ ਅਜੇਹੇ ਕਿਸੇ ਕਿਸਾਨ ਦੀ ਹਿਮਇਤ ਨਹੀਂ ਕਰਦੀ।

ਜਿਲ੍ਹਾ ਮੁਖੀ ਵੱਲੋਂ ਕਿਸਾਨਾਂ 'ਤੇ ਕਾਗਜ਼ੀ ਕਾਰਵਾਈ ਮੁਕੰਮਲ ਨਾ ਕਰਕੇ ਲਿਆਉਣ ਦੇ ਮੜੇ ਜਾ ਰਹੇ ਦੋਸ਼ਾਂ ਸਬੰਧੀ ਉਨ੍ਹਾਂ ਕਿਹਾ ਕਿ ਇਹ ਕੰਮ ਸਬੰਧਤ ਵਿਭਾਗ ਦਾ ਹੁੰਦਾ ਨਾਕਿ ਕਿਸਾਨ ਦਾ। ਪਟਵਾਰੀ ਨੇ ਹੀ ਗਿਰਦਵਾਰੀ ਕਰਕੇ ਨਰਮੇ ਦੀ ਪ੍ਰਤੀ ਏਕੜ ਜਾਂਚ ਕਰਕੇ ਨੁਕਸਾਨੇ ਨਰਮੇ ਬਾਰੇ ਲਿਖ ਕੇ ਮਹਿਕਮੇ ਨੂੰ ਦੇਣਾ ਹੁੰਦਾ। ਉਨ੍ਹਾਂ ਲੰਬੀ ਵਾਲੀ ਘਟਨਾ ਦੇ ਦੋਸ਼ੀ ਜਿਲ੍ਹ ਮੁਖੀ, ਉਪ ਮੰਡਲ ਅਫਸਰ ਅਤੇ ਉਪ ਪੁਲਿਸ ਕਪਤਾਨ ਮਲੋਟ ਨੂੰ ਗਰਦਾਨਦਿਆਂ ਕਿਹਾ ਕਿ ਜਥੇਬੰਦੀ ਮੰਗ ਕਰਦੀ ਹੈ ਕਿ ਇਨ੍ਹਾਂ ਕਥਿੱਤ ਦੋਸ਼ੀਆਂ ਉੱਪਰ ਵੀ ਵਿਭਾਗੀ ਕਾਰਵਾਈ ਹੋਵੇ। ਜਿਲ੍ਹਾ ਮੁਕਤਸਰ ਸਾਹਿਬ ਦੇ ਸਾਰੇ ਕਿਸਾਨਾਂ ਦੇ ਨੁਕਸਾਨੇ ਨਰਮੇ ਦਾ ਮੁਆਵਜਾ ਦਿੱਤਾ ਜਾਏ ਅਤੇ ਕਿਸਾਨਾਂ ਉੱਪਰ ਦਰਜ਼ ਕੀਤੇ ਗਏ ਪਰਚੇ ਵਾਪਸ ਲਏ ਜਾਣ। ਉਨ੍ਹਾਂ ਜਿਲ੍ਹਾ ਪ੍ਰਸ਼ਾਸ਼ਨ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਨ੍ਹਾਂ ਦੀਆਂ ਇਹ ਮੰਗਾਂ ਪੂਰੀਆਂ ਕੀਤੀਆਂ ਜਾਣ ਨਹੀਂ ਤਾਂ ਜਦ ਤੱਕ ਨਹੀਂ ਮੰਨੀਆਂ ਜਾਂਦੀਆਂ ਤਦ ਤੱਕ ਜਿਲ੍ਹਾ ਮਖੀ ਦੇ ਬਾਰ ਮੂਹਰੇ ਇਹ ਧਰਨਾ ਜਾਰੀ ਰਹੇਗਾ।

# ਗੁਰਜੀਤ ਸਿੰਘ ਔਜਲਾ ਵਲੋਂ 'ਆਪ' ਨੂੰ ਠੋਕਵਾਂ ਜਵਾਬ

**ਚੰਡੀਗੜ੍ਹ/ਲੋਕ ਬਾਣੀ**

ਕਾਂਗਰਸ ਦੇ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ 4-5 ਟਵੀਟ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਆਮ ਆਦਮੀ ਪਾਰਟੀ ਨੂੰ ਕਰੜਾ ਜਵਾਬ ਦਿੱਤਾ। ਉਨ੍ਹਾਂ ਨੇ ਕਿਹਾ ਕਿ ਕਿਸਾਨ ਵਿਰੋਧੀ ਬਿੱਲ ਅਤੇ ਖ਼ਪਤਕਾਰ ਬਿੱਲਾਂ ਦੇ ਖ਼ਿਲਾਫ਼ ਅਤੇ ਇਨ੍ਹਾਂ ਨੂੰ ਵਾਪਸ ਕਰਵਾਉਣ ਲਈ ਕਾਂਗਰਸ ਦੇ ਸੰਸਦ ਮੈਂਬਰਾਂ ਨੇ ਸੰਘਰਸ਼ ਕੀਤਾ, ਉਹ ਸਾਰਾ ਲੋਕ ਸਭਾ ਦੇ ਰਿਕਾਰਡ @ਚ ਹੈ। ਨਾਲ ਹੀ ਸੋਸ਼ਲ ਮੀਡੀਆ, ਨਿਊਜ਼ ਮੀਡੀਆ ਦੇ ਪੋਰਟਲਾਂ @ਤੇ ਵੀ ਉਪਲੱਬਧ ਹੈ। ਅਸੀਂ ਪੂਰਾ ਇਕ ਸਾਲ ਜੰਤਰ-ਮੰਤਰ @ਤੇ ਖੇਤੀ ਕਾਨੂੰਨਾਂ ਦੇ ਖ਼ਿਲਾਫ਼ ਪ੍ਰਦਰਸ਼ਨ ਵੀ ਕੀਤਾ ਤੇ ਇਸ ਲਈ ਅਸੀਂ ਭਗਵੰਤ ਮਾਨ ਨੂੰ ਸੱਦਾ ਵੀ ਦਿੰਦੇ ਰਹੇ ਕਿ ਉਹ ਸਾਡੇ ਨਾਲ ਇਨ੍ਹਾਂ ਕਾਲੇ ਕਾਨੂੰਨਾਂ ਖ਼ਿਲਾਫ਼ ਜੰਤਰ-ਮੰਤਰ ਤੇ ਪ੍ਰਦਰਸ਼ਨ ਕਰਨ ਪਰ ਨਾ ਤਾਂ ਉਹ ਆਪ ਆਏ ਅਤੇ ਨਾ ਹੀ ਉਨ੍ਹਾਂ ਦੇ ਮੁਖੀ ਤੇ ਕੇਜਰੀਵਾਲ ਅਤੇ ਆਪਣਾ ਕੋਈ ਪ੍ਰਤੀਨਿਧ ਵੀ ਨਹੀਂ ਭੇਜਿਆ।

# ਰੋਜ਼ਾਨਾ ਵੱਧ ਰਹੀਆਂ ਪੇਟਰੋਲਿਅਮ ਪਦਾਰਥਾਂ ਦੀਆਂ ਕੀਮਤਾਂ ਦੇ ਨਾਲ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਕੀਤੇ ਜਾ ਰਿਹਾ ਵਾਧੇ ਦੀ ਨਿੰਦਾ




**ਕਪੂਰਥਲਾ/ਪਰਮਜੀਤ ਸੰਨੀ**

ਰੋਜ਼ਾਨਾ ਵੱਧ ਰਹੀਆਂ ਪੇਟਰੋਲਿਅਮ ਪਦਾਰਥਾਂ ਦੀਆਂ ਕੀਮਤਾਂ ਦੇ ਨਾਲ ਰਸੋਈ ਗੈਸ ਦੀਆਂ ਕੀਮਤਾਂ ਵਿੱਚ ਕੀਤੇ ਜਾ ਰਿਹਾ ਵਾਧੇ ਦੀ ਨਿੰਦਾ ਕਰਦੇ ਹੋਏ ਬਲਾਕ ਕਾਂਗਰਸ ਦੇ ਪ੍ਰਧਾਨ ਦੀਪਕ ਸਲਵਾਨ ਅਤੇ ਕੌਂਸਲਰ ਮਨੋਜ ਅਰੋੜਾ ਹੈਪੀ ਨੇ ਕਿਹਾ ਕਿ ਪਿਛਲੇ 10 ਦਿਨਾਂ ਵਿੱਚ 9 ਵਾਰ ਪਟਰੋਲ ਅਤੇ ਡੀਜਲ ਦੀਆ ਕੀਮਤਾਂ ਵਧਾਇਆ ਗਈਆਂ ਹਨ,ਜਦੋਂ ਕਿ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਕੀਤੀ ਗਿਆ ਹੈ।ਉਨ੍ਹਾਂਨੇ ਕਿਹਾ ਕਿ ਪਹਿਲਾਂ ਹੀ ਲੋਕ ਮਹਿੰਗਾਈ ਦੀ ਮਾਰ ਝੇਲ ਰਹੇ ਹਨ ਜਦੋਂ ਕਿ ਹੁਣ ਕੇਂਦਰ ਸਰਕਾਰ ਕੀਮਤਾਂ ਵਿੱਚ ਵਾਧਾ ਕਰਕੇ ਉਨ੍ਹਾਂ ਦੇ ਜਖਮਾਂਤੇ ਲੂਣ ਛਿੜਕਨ ਦਾ ਕੰਮ ਕਰ ਰਹੀ ਹੈ।ਦੀਪਕ ਸਲਵਾਨ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਮਹਿੰਗਾਈ ਤੇ ਕੰਟਰੋਲ ਨਹੀਂ ਕਰ ਸਕਦੀ ਹੈ ਤਾਂ ਇਸਨੂੰ ਵਧਾਇਆ ਵੀ ਨਾ ਜਾਵੇ।ਉਨ੍ਹਾਂਨੇ ਕਿਹਾ ਕਿ ਸਭਤੋਂ ਜ਼ਿਆਦਾ ਮੁਸ਼ਕਲ ਦਾ ਸਾਮਣਾ ਮਜਦੂਰੀ ਕਰਣ ਵਾਲੇ ਲੋਕ ਕਰ ਰਹੇ ਹਨ।ਦੀਪਕ ਸਲਵਾਨ ਨੇ ਕਿਹਾ ਕਿ ਇਕੱਲਾ ਗੈਸ ਸਿਲੰਡਰ ਨਹੀਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਿੱਚ ਵੀ ਪਿਛਲੇ ਅੱਠ ਸਾਲਾਂ ਵਿੱਚ ਅਥਾਹ ਵਾਧਾ ਹੋਇਆ ਹੈ ਜਿਸ ਨੇ ਲੋਕਾਂ ਦਾ ਜਿਉਣਾ ਦੁੱਭਰ ਕਰ ਦਿੱਤਾ। ਉਨ੍ਹਾਂ ਨੇ ਕੇਂਦਰ ਸਰਕਾਰ ਦੇ ਮੰਤਰੀਆਂ ਉਤੇ ਚੁਟਕੀ ਲੈਂਦਿਆਂ ਆਖਿਆ ਕਿ ਯੂ.ਪੀ.ਏ.ਸਰਕਾਰ ਵੇਲੇ ਤੇਲ ਜਾਂ ਗੈਸ ਸਿਲੰਡਰ ਦੀ ਕੀਮਤ ਵਿੱਚ ਮਾਮੂਲੀ ਵਾਧੇ ਉਤੇ ਆਪੇ ਤੋਂ ਬਾਹਰ ਹੋਣ ਵਾਲੇ ਭਾਜਪਾ ਆਗੂ ਅੱਜ ਲੱਕ ਤੋੜ ਮਹਿੰਗਾਈ ਦੇ ਦੌਰ ਵਿੱਚ ਚੁੱਪ ਕਿਉਂ ਹਨ ?ਉਨ੍ਹਾਂ ਕਿਹਾ ਕਿ ਕੇਂਦਰ ਦੀਆਂ ਮਾੜੀਆਂ ਆਰਥਿਕ ਨੀਤੀਆਂ ਨਾਲ ਅੱਜ ਪੂਰਾ ਦੇਸ਼ ਐਨ.ਡੀ.ਏ.ਸਰਕਾਰ ਨੂੰ ਕੋਸ ਰਿਹਾ ਹੈ।ਮਨੋਜ ਅਰੋੜਾ ਨੇ ਕਿਹਾ ਕਿ ਜਦੋਂ ਤੋਂ ਮੋਦੀ ਸਰਕਾਰ ਆਈ ਹੈ ਉਦੋਂ ਤੋਂ ਹੀ ਮਹਿੰਗਾਈ ਘੱਟ ਹੋਣ ਦੀ ਬਜਾਏ ਲਗਾਤਾਰ ਵੱਧਦੀ ਹੀ ਜਾ ਰਹੀ ਹੈ।ਉਨ੍ਹਾਂਨੇ ਕਿਹਾ ਕਿ ਮਹਿੰਗਾਈ ਨੇ ਲੋਕ ਦੀ ਕਮਰ ਤੋੜ ਕੇ ਰੱਖ ਦਿੱਤੀ।ਮਨੋਜ ਅਰੋੜਾ ਨੇ ਕਿਹਾ ਕਿ ਨਿੱਤ ਦਿਨ ਮਹਿੰਗਾਈ ਵੱਧਦੀ ਜਾ ਰਹੀ ਹੈ।ਜਿਸਦੇ ਕਾਰਨ ਆਮ ਵਿਅਕਤੀ ਨੂੰ ਆਪਣਾ ਘਰ ਦਾ ਗੁਜਾਰਾ ਕਰਣਾ ਮੁਸ਼ਕਲ ਹੋ ਚੁੱਕਿਆ ਹੈ।ਉਨ੍ਹਾਂਨੇ ਕਿਹਾ ਕਿ ਕੇਂਦਰ ਦੀਆਂ ਗਲਤ ਨੀਤੀਆਂ ਦੇ ਚਲਦੇ ਜ਼ਰੂਰਤ ਦਾ ਹਰ ਸਾਮਾਨ ਮਹਿੰਗਾ ਹੋ ਚੁੱਕਿਆ ਹੈ।ਪਟਰੋਲ ਅਤੇ ਡੀਜਲ ਦੇ ਮੁੱਲ ਪਿਛਲੇ ਕਰੀਬ ਇੱਕ ਹਫਤੇ ਤੋਂ ਲਗਾਤਾਰ ਵੱਧਦੇ ਆ ਰਹੇ ਹਨ। ਇਸਦੇ ਇਲਾਵਾ ਹੋਰ ਘਰ ਦੇ ਜਰੂਰੀ ਸਾਮਾਨ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।ਜਿਸਦਾ ਪ੍ਰਭਾਵ ਹਰ ਵਿਅਕਤੀ ਦੇ ਘਰ ਤੇ ਪੈ ਰਿਹਾ ਹੈ।

# ਸ੍ਰੀ ਰਾਮ ਨੌਮੀ ਦੇ ਉਤਸਵ ਤੇ 4ਤੋਂ 10 ਅਪ੍ਰੈਲ ਤੱਕ ਹੋਵੇਗਾ ਸਮਾਗਮ ਪੰਡਤ ਪ੍ਰੀਤਮ ਭਾਰਦਵਾਜ



**ਧਰਮਕੋਟ/ਦਵਿੰਦਰ ਸਿੰਘ ਬਿੱਟੂ**

ਸ੍ਰੀ ਹਰੀ ਨਾਮ ਕੀਰਤਨ ਮੰਡਲੀ ਧਰਮਕੋਟ ਵੱਲੋਂ ਮੰਦਰ ਸ੍ਰੀ ਠਾਕੁਰ ਦਵਾਰਾ ਕਲਾਂ ਵਿੱਚ 4 ਅਪ੍ਰੈਲ ਤੋਂ 10 ਅਪ੍ਰੈਲ ਤੱਕ ਰਾਮ ਨੌਮੀ ਉਤਸਵ ਦੇ ਅਵਸਰ ਤੇ ਸਮਾਗਮ ਕਰਵਾਇਆ ਜਾ ਰਿਹਾ ਹੈ। ਮੰਦਰ ਦੇ ਮੁੱਖ ਪੁਜਾਰੀ ਪ੍ਰੀਤਮ ਭਾਰਦਵਾਜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਮੰਦਰ ਵਿੱਚ ਸ਼੍ਰੀ ਰਾਮ ਨੌਮੀ ਉਤਸਵ ਦੇ ਅਵਸਰ ਤੇ ਸਮਾਗਮ ਮਿਤੀ 4 ਅਪ੍ਰੈਲ ਤੋਂ 10 ਅਪ੍ਰੈਲ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿਚ ਰੋਜ਼ਾਨਾ ਸ਼ਾਮ 3 ਵਜੇ ਤੋਂ 5 ਵਜੇ ਤੱਕ ਅਤੇ ਰਾਤ ਨੂੰ 8 ਵਜੇ ਤੋਂ 10 ਵਜੇ ਤੱਕ ਸੰਤ ਸ਼੍ਰੋਮਣੀ ਸ੍ਰੀ ਭੂਆ ਦਿੱਤਾ ਜੀ ਜੰਮੂ ਵਾਲੇ ਕਥਾ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ। ਤੇ ਮਿਤੀ 10 ਅਪ੍ਰੈਲ ਨੂੰ ਕਥਾ ਕੀਰਤਨ ਅਤੇ ਆਰਤੀ ਉਪਰੰਤ ਭੋਗ ਲਗਾ ਕੇ ਸੰਗਤਾਂ ਲਈ ਭੰਡਾਰਾ ਵਰਤਾਇਆ ਜਾਵੇਗਾ। ਉਨ੍ਹਾਂ ਹਲਕੇ ਦੀਆਂ ਸੰਗਤਾਂ ਨੂੰ ਵੱਧ ਤੋਂ ਵੱਧ ਪਹੁੰਚ ਕੇ ਕਥਾ ਸੁਣਨ ਦੀ ਅਪੀਲ ਕੀਤੀ।

# ਚੰਗੀ ਸੋਚ ਚੰਗੀਆਂ ਆਦਤਾਂ ਸਖਤ ਮਿਹਨਤ ਹਮੇਸ਼ਾ ਉਚਾਈਆਂ ਤੇ ਲੈਕੇ ਜਾਂਦੇ




**ਪਟਿਆਲਾ/ਜਗਦੀਸ਼**

ਸਰਕਾਰੀ ਕੰਨਿਆ ਹਾਈ ਸਮਾਰਟ ਸਕੂਲ ਆਨਾਰਦਾਨਾ ਚੋਕ ਪਟਿਆਲਾ ਦੇ ਪ੍ਰਿੰਸੀਪਲ ਸ੍ਰੀਮਤੀ ਮੀਨਾ ਸੱਚਰ ਨਾਰੰਗ ਦੀ ਅਗਵਾਈ ਹੇਠ ਵਿਦਿਆਰਥਣਾਂ ਨੂੰ ਚੰਗੀ ਸੋਚ ਚੰਗੀਆਂ ਆਦਤਾਂ ਸਖਤ ਮਿਹਨਤ ਸਹਿਣਸ਼ੀਲਤਾ ਅਤੇ ਅਨੁਸ਼ਾਸਨ ਦੀ ਮਹੱਤਤਾ ਬਾਰੇ ਜਾਣਕਾਰੀ ਦੇਣ ਦਾ ਪ੍ਰੋਗਰਾਮ ਕਰਵਾਇਆ ਜਿਸ ਦੋਰਾਨ ਸ੍ਰੀ ਕਾਕਾ ਰਾਮ ਵਰਮਾ ਸੇਵਾ ਮੁਕਤ ਜ਼ਿਲ੍ਹਾ ਟ੍ਰੇਨਿੰਗ ਅਫਸਰ ਰੈਡ ਕਰਾਸ ਨੇ ਵਿਦਿਆਰਥਣਾਂ ਨੂੰ ਭਾਰਤ ਰਤਨ ਡਾ ਅਬਦੁੱਲ ਕਲਾਮ ਅਤੇ ਕਈ ਹੋਰ ਮਹਾਨ ਸਖਸ਼ੀਅਤਾਂ ਦੀਆਂ ਜੀਵਨੀਆਂ ਬਾਰੇ ਜਾਣਕਾਰੀ ਦਿੰਦੇ ਹੋਏ ਸਮਝਾਇਆ ਕਿ ਬਚਪਨ ਵਿੱਚ ਕੀਤੀ ਸਖਤ ਮਿਹਨਤ ਸਹਿਣਸ਼ੀਲਤਾ ਚੰਗੀਆਂ ਆਦਤਾਂ ਚੰਗੇ ਅਧਿਆਪਕਾਂ ਦੀ ਅਗਵਾਈ ਪ੍ਰੇਮ ਹਮਦਰਦੀ ਬੱਚਿਆਂ ਨੂੰ ਬੁਰਾਈਆਂ ਨਸ਼ਿਆ ਅਪਰਾਧਾਂ ਆਰਾਮ ਪ੍ਰਸਤੀ ਤੋ ਬਚਾ ਸਕਦੇ ਹਨ ਅਤੇ ਉਚਾਈਆਂ ਤੇ ਲੈਕੇ ਜਾਂਦੇ ਹਨ ਇਸ ਲਈ ਆਪਣੀ ਉਨੱਤੀ ਖੁਸ਼ਹਾਲੀ ਤਰੱਕੀ ਸਨਮਾਨ ਚੰਗੀ ਸਿਹਤ ਤੰਦਰੁਸਤੀ ਸੁਰੱਖਿਆ ਲਈ ਚੰਗੀਆਂ ਕਿਤਾਬਾਂ ਵਾਰ ਵਾਰ ਪੜੋ ਮਾਪਿਆਂ ਦਾ ਕਹਿਣਾ ਮੰਨੋ ਮਾੜੇ ਦੋਸਤਾਂ ਫਾਸਟ ਫੂਡ ਜੰਕ ਫੂਡ ਕੋਲਡ ਡਰਿੰਕਾਂ ਤੋ ਬਚੋ। ਪ੍ਰਿੰਸੀਪਲ ਸ੍ਰੀਮਤੀ ਮੀਨਾ ਸੱਚਰ ਨਾਰੰਗ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਦੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਸਮੇ ਸਮੇ ਗੁਣਕਾਰੀ ਗਿਆਨ ਅਗਵਾਈ ਸਹਾਰਾ ਮਦਦ ਸਮਝ ਮਿਲਦੇ ਰਹਿਣ ਤਾ ਬੱਚੇ ਭਟਕਦੇ ਨਹੀਂ ਅਤੇ ਜਿੰਦਗੀ ਵਿੱਚ ਹਮੇਸ਼ਾ ਸਫਲ ਹੁੰਦੇ ਹਨ ਅਤੇ ਮਾਪਿਆ ਦਾ ਸਨਮਾਨ ਵਧਾਉਦੇ ਹਨ ਇਸੀ ਕਾਰਜ ਲਈ ਸਕੂਲ ਵਲੋਂ ਵਿਦਵਾਨ ਗਿਆਨਵਾਨ ਸੀਨੀਅਰ ਸਿਟੀਜ਼ਨ ਨਾਲ ਬੱਚਿਆਂ ਨੂੰ ਮਿਲਾਇਆਂ ਜਾਂਦਾ ਹੈ । ਵਿਦਿਆਰਥੀਆਂ ਨੇ ਆਪਣੇ ਪ੍ਰਿੰਸੀਪਲ ਮੈਡਮ ਜੀ ਅਧਿਆਪਕਾਂ ਅਤੇ ਸ੍ਰੀ ਕਾਕਾ ਰਾਮ ਵਰਮਾ ਜੀ ਦਾ ਧੰਨਵਾਦ ਕੀਤਾ ਅਤੇ ਦਸਿਆ ਕਿ ਉਨਾਂ ਨੂੰ ਇਸ ਸਕੂਲ ਵਿੱਚ ਬਹੁਤ ਵਧੀਆ ਸਿਖਿਆ ਗਿਆਨ ਵਰਦੀਆਂ ਸਹੂਲਤਾਂ ਸਨਮਾਨ ਸੁਰੱਖਿਆ ਮਦਦ ਮੁੱਫਤ ਵਿਚ ਮਿਲ ਰਹੇ ਹਨ।

# ਪਿੰਡ ਰਾਮਗੜ੍ਹ ਸਿਵੀਆਂ 62 ਕਿਲੋ ਕਬੱਡੀ ਟੂਰਨਾਮੈਂਟ ਵਿਖੇ ਗਹਿਲਾਂ ਦੀ ਕਬੱਡੀ ਟੀਮ ਦੀ ਝੰਡੀ



**ਰਾਏਕੋਟ/ਗੁਰਭਿੰਦਰ ਗੁਰੀ**

ਰਾਮਗੜ੍ਹ ਸਿਵੀਆਂ ਵਿਖੇ ਨੌਜਵਾਨ ਕਲੱਬ ਵੱਲੋਂ ਸ਼ਹੀਦੇ ਆਜਮ ਭਗਤ ਸਿੰਘ ਦੀ ਯਾਦ ਵਿੱਚ ਕਰਵਾਏ ਗਏ ਇਕ ਦਿਨਾ 62 ਕਿਲੋਗ੍ਰਾਮ ਕਬੱਡੀ ਟੂਰਨਾਮੈਂਟ ਦੀ ਸਮਾਪਤੀ ਪੂਰੀ ਸ਼ਾਨੋਸ਼ੌਕਤ ਨਾਲ ਹੋ ਗਈ। ਇਸ ਕਬੱਡੀ ਟੂਰਨਾਮੈਂਟ ਦਾ ਉਦਘਾਟਨ ਸਰਪੰਚ ਸੁਖਦੇਵ ਸਿੰਘ, ਨੰਬਰਦਾਰ ਅਮਿ੍ਤਪਾਲ ਸਿੰਘ ਹੈਪੀ ਅਤੇ ਗੁਰਿੰਦਰ ਸਿੰਘ ਮੈਂਬਰ ਪੰਚਾਇਤ ਵੱਲੋਂ ਸਾਂਝੇ ਤੌਰ ਤੇ ਕੀਤਾ ਗਿਆ। ਟੂਰਨਾਮੈਂਟ ਵਿਚ 16 ਕਬੱਡੀ ਟੀਮਾਂ ਵੱਲੋਂ ਹਿੱਸਾ ਲਿਆ ਗਿਆ । ਜਿਸ ਵਿੱਚ ਪਿੰਡ ਗਹਿਲਾਂ ਦੀ ਟੀਮ ਨੇ ਪਹਿਲਾ ਅਤੇ ਮਹਿਲ ਕਲਾਂ ਦੀ ਟੀਮ ਨੇ ਦੂਸਰਾ ਸਥਾਨ ਪ੍ਰਾਪਤ ਕਰਦਿਆਂ ਕ੍ਰਮਵਾਰ 6100 ਅਤੇ 5100 ਨਕਦ ਇਨਾਮ ਨਾਲ ਟਰਾਫ਼ੀਆਂ ਪ੍ਰਾਪਤ ਕੀਤੀਆਂ ਜੋ ਕਿ ਪਿੰਡ ਦੇ ਹਰਿੰਦਰ ਸਿੰਘ ਆਸਟ੍ਰੇਲੀਆ ਵੱਲੋਂ ਪਹਿਲੀ ਟੀਮ ਅਤੇ ਗੁਰਿੰਦਰ ਸਿੰਘ ਮੈਂਬਰ ਪੰਚਾਇਤ ਵੱਲੋਂ ਦੂਜੇ ਸਥਾਨ ਤੇ ਰਹਿਣ ਵਾਲੀ ਟੀਮ ਨੂੰ ਦਿੱਤਾ ਗਿਆ। ਖੇਡ ਮੇਲੇ ਵਿੱਚ ਵੱਖ ਵੱਖ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹਾਂ ਨਾਲ ਸਨਮਾਨਿਤ ਕੀਤਾ ਗਿਆ। ਸਮੁੱਚੇ ਪਿੰਡ ਵੱਲੋਂ ਨੌਜਵਾਨਾਂ ਵੱਲੋਂ ਕਰਵਾਏ ਗਏ ਇਸ ਟੂਰਨਾਮੈਂਟ ਦੀ ਸਫਲਤਾ ਲਈ ਨੌਜਵਾਨਾਂ ਨੂੰ ਵਧਾਈਆਂ ਦਿੱਤੀਆਂ ਗਈਆਂ।ਇਸ ਮੌਕੇ ਸਰਪੰਚ ਸੁਖਦੇਵ ਸਿੰਘ, ਨੰਬਰਦਾਰ ਅਮਿ੍ਤਪਾਲ ਸਿੰਘ ਹੈਪੀ, ਗੁਰਿੰਦਰ ਸਿੰਘ ਮੈਂਬਰ ਪੰਚਾਇਤ, ਰਣਜੀਤ ਸਿੰਘ ਸਿਬੀਆ ਜਗਪਾਲ ਸਿੰਘ ਸਿਵੀਆਂ, ਜਗਦੇਵ ਸਿੰਘ ਕਾਕਾ, ਰਵਦੀਪ ਸਿੰਘ ਰਵੀ, ਸੁਖਵਿੰਦਰ ਸਿੰਘ ਪ੍ਰਧਾਨ ਟੂਰਨਾਮੈਂਟ ਕਮੇਟੀ, ਗੁਰਪ੍ਰੀਤ ਸਿੰਘ, ਇੰਦਰਪਾਲ ਸਿੰਘ ਸਿਬੀਆ,ਪਿੰਦਾ ਸਿਵੀਆਂ,ਨੋਨਾ,ਭਿੰਦਰ, ਵਰਿੰਦਰ ਸਿੰਘ, ਪਰਮਿੰਦਰ ਸਿੰਘ,ਰੇਸ਼ਮ ਸਿੰਘ,ਗੋਰਾ ਭੱਟੀ,ਗੱਗੂ, ਜਸਕਰਨ ਸਿੰਘ,ਕਾਲੂ , ਬਿੱਟੂ ਸਿਵੀਆਂ,ਲੱਖਾਂ ਸਿਵੀਆਂ ਹਾਜ਼ਿਰ ਸਨ।

# ਲਿੱਤਰ ਵਿੱਚ ਸੇਵਾ ਟਰੱਸਟ ਯੂ.ਕੇ ਨੇ ਲਾਇਆ ਮੁਫਤ ਮੈਡੀਕਲ ਚੈਕਅਪ ਕੈਂਪ, 453 ਮਰੀਜ਼ਾਂ ਦਾ ਚੈਕਅਪ




**ਰਾਏਕੋਟ/ਗੁਰਭਿੰਦਰ ਗੁਰੀ**

ਪੰਜਾਬ ਅਤੇ ਹਰਿਆਣਾ ਚ ਲੰਮੇ ਸਮੇਂ ਤੋਂ ਸਰਗਰਮ ਸੰਸਥਾ ਸੇਵਾ ਟਰੱਸਟ ਯੂ.ਕੇ. (ਭਾਰਤ) ਵੱਲੋਂ ਪਿੰਡ ਲਿੱਤਰ ਵਿਖੇ ਮੁਫਤ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ ਜਿਸ ਵਿੱਚ ਡਾਇਰੈਕਟਰ ਆਯੂਰਵੇਦ ਪੰਜਾਬ ਡਾ ਪੂਨਮ ਵਸ਼ਿਸ਼ਟ ਜੀ ਅਤੇ ਜਿਲ੍ਹਾ ਆਯੂਰਵੇਦ ਯੂਨਾਨੀ ਅਫਸਰ ਲੁਧਿਆਣਾ ਡਾ ਪੰਕਜ ਗੁਪਤਾ ਜੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾ ਗੁਰਮੇਲ ਸਿੰਘ, ਡਾ ਕਮਰੂਲ ਹੁਸੈਨ, ਡਾ ਖੁਰਸ਼ੀਦ ਅੱਖਤਰ,ਡਾ ਸੁਮੀਤ ਝਾਨਸਲ, ਵੱਲੋ ਮਰੀਜ਼ਾਂ ਦੀ ਜਾਂਚ ਕੀਤੀ ਗਈ ਉਪਵੈਦ ਹਰਕਿਰਨ ਸਿੰਘ ਅਤੇ ਉਪਵੈਦ ਵਿਕਰਮਜੀਤ ਲਾਂਬਾ ਵੱਲੋ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ ਇਸ ਮੌਕੇ ਡਾ ਸਨਦੀਪ ਕੌਰ ਐਸ਼ ਐਮ ਓ ਪੱਖੋਵਾਲ ਦਾ ਵਿਸ਼ੇਸ਼ ਸਹਿਯੋਗ ਰਿਹਾ, ਅਤੇ ਸੀ ਐੱਚ ਓ ਅਮਨਦੀਪ ਕੌਰ, ਸੀ ਐੱਚ ਓ ਅਵਨੀਤ ਕੌਰ, ਜਸਵੀਰ ਸਿੰਘ $♦8➟, ਜਤਿੰਦਰ ਸਿੰਘ $♦8➟, ਦਲਜੀਤ ਕੌਰ ਏ ਐਨ ਐਮ, ਸਵਰਨਜੀਤ ਕੌਰ , ਹਰਪ੍ਰੀਤ ਕੌਰ, ਸੁਰਿੰਦਰ ਕੌਰ ਆਸਾਂ ਵਰਕਰ ਆਦਿ ਦੇ ਸਹਿਯੋਗ ਨਾਲ ਵੱਡੀ ਗਿਣਤੀ @ਚ ਮਰੀਜ਼ਾਂ ਦਾ ਚੈੱਕਅੱਪ ਕੀਤਾ।

ਇਸ ਮੌਕੇ ਸੇਵਾ ਟਰੱਸਟ ਦੀ ਟੀਮ ਵੱਲੋਂ ਗੁਰਦੀਪ ਸਿੰਘ ਪੰਨੂੰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੈਂਪ ਦੌਰਾਨ 453 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਜਿਸ ਵਿੱਚ ਸੇਵਾ ਟਰੱਸਟ ਯੂ.ਕੇ. (ਭਾਰਤ) ਅਤੇ ਪਿੰਡ ਲਿੱਤਰ ਦੇ ਐਨ ਆਰ ਆਈ ਵੀਰਾਂ ਦੇ ਉਚੇਚੇ ਸਹਿਯੋਗ ਸਦਕਾ ਮਰੀਜ਼ਾਂ ਨੂੰ ਡਾਵਰ ਕੰਪਨੀ ਦੀਆਂ ਇਮੀਊਨਿਟੀ ਬੂਸਟਰ ਕਿੱਟਾਂ ਅਤੇ ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਮੌਕੇ ਟਰੱਸਟ ਦੇ ਮੈਂਬਰ ਰਛਪਾਲ ਸਿੰਘ ਅਤੇ ਪਿੰਡ ਲਿੱਤਰ ਦੇ ਸਹਿਯੋਗੀ ਸੱਜਣ ਮੋਹਨ ਸਿੰਘ , ਜਗਦੀਸ਼ ਸਿੰਘ ਚਰਨ ਸਿੰਘ, ਜਤਿੰਦਰ ਸਿੰਘ ਤਾਜਪੁਰ ਹਾਜਰ ਸਨ। ਅੰਤ ਵਿੱਚ ਪਿੰਡ ਲਿੱਤਰ ਦੀ ਸਮੂਹ ਸੰਗਤ ਨੇ ਸੇਵਾ ਟਰੱਸਟ ਯੂਕੇ ਅਤੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਅਤੇ ਕਿਹਾ ਇਸ ਕੈਂਪ ਨੇ ਵੱਡੀ ਗਿਣਤੀ ਵਿੱਚ ਲੋੜਵੰਦ ਲੋਕਾਂ ਦੀ ਮਦਦ ਕੀਤੀ ਹੈ।

## ਮੁਫਤ ਦਵਾਈਆਂ ਅਤੇ ਇਮਿਊਨਿਟੀ ਬੂਸਟਰ ਕਿੱਟਾਂ ਵੰਡੀਆਂ

# ਗੁਰਦਾਸਪੁਰ 'ਚ ਸੁਖਜਿੰਦਰਾ ਮੈਮੋਰੀਅਲ ਸਕੂਲ ਬੱਬਰੀ 'ਚ ਪੜਦੀ ਚਾਰ ਸਾਲ ਦੀ ਬੱਚੀ ਨਾਲ ਹੋਇਆ ਜਬਰ ਜਿਨਾਹ





## ਮਾਂ-ਬਾਪ ਨੇ ਲਗਾਏ ਸਕੂਲ ਅੰਦਰ ਜਿਨਾਹ ਹੋਣ ਦੇ ਇਲਜ਼ਾਮ, ਰੋਸ ਦੇ ਚਲਦੇ ਕੀਤਾ ਹਾਈਵੇ ਜਾਮ

**ਗੁਰਦਾਸਪੁਰ/ਨਵਨੀਤ ਕੁਮਾਰ**

ਸ਼ਹਿਰ 'ਚ ਚਾਰ ਸਾਲ ਦੀ ਬੱਚੀ ਨਾਲ ਕਥਿਤ ਤੌਰ ਤੇ ਜਬਰ ਜਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਬੱਚੀ ਦੇ ਮਾਂ ਬਾਪ ਨੇ ਦੋਸ਼ ਲਾਇਆ ਕਿ ਬੱਚੀ ਨਾਲ ਸੁਖਜਿੰਦਰਾ ਮੈਮੋਰੀਅਲ ਸਕੂਲ ਬੱਬਰੀ ਵਿੱਚ ਹੀ ਇਹ ਘਿਨੌਨੀ ਘਟਨਾ ਵਾਪਰੀ, ਜਿੱਥੇ ਉਹ ਪੜ੍ਹਦੀ ਹੈ। ਹਾਲਾਕਿ ਇਹ ਹਾਲੇ ਤੱਕ ਸਾਫ ਨਹੀਂ ਹੋਇਆ। ਉੱਧਰ ਰੋਸ਼ ਦੇ ਚੱਲਦਿਆਂ ਸ਼ੁੱਕਰਵਾਰ ਸਵੇਰੇ ਪਰਿਵਾਰਕ ਮੈਂਬਰਾਂ ਅਤੇ ਵੱਖ-ਵੱਖ ਜਥੇਬੰਦੀਆਂ ਵੱਲੋਂ ਸਕੂਲ ਪ੍ਰਸ਼ਾਸਨ ਦੀ ਅਣਗਹਿਲੀ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਖ਼ਿਲਾਫ਼ ਰੋਸ ਪ੍ਰਗਟ ਕਰਦਿਆਂ ਹਾਈਵੇਅ ਜਾਮ ਕਰ ਦਿੱਤਾ ਗਿਆ। ਇਸ ਸਬੰਧੀ ਡੀਐਸਪੀ ਸਿਟੀ ਨੇ ਸਵੇਰੇ ਹੀ ਮੌਕੇ 'ਤੇ ਪਹੁੰਚ ਕੇ ਬਾਰੀਕੀ ਨਾਲ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੇ ਨਾਲ ਹੀ ਪੁਲਿਸ ਦੀ ਤਰਫੋਂ ਅਣਪਛਾਤੇ ਵਿਰੁਧ ਬਦਸਲੂਕੀ ਅਤੇ ਪੋਸਕੋਂ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਲੜਕੀ ਦੀ ਮਾਂ ਨੇ ਦੱਸਿਆ ਕਿ ਉਸ ਦੀ ਲੜਕੀ ਦੀ ਉਮਰ 4 ਸਾਲ ਹੈ ਅਤੇ ਉਸ ਦੀ ਲੜਕੀ ਧਾਰੀਵਾਲ ਰੋਡ 'ਤੇ ਸਥਿਤ ਸੁਖਜਿੰਦਰਾ ਮੈਮੋਰੀਅਲ ਸਕੂਲ ਵਿਚ ਪੜਦੀ ਹੈ। ਵੀਰਵਾਰ ਨੂੰ ਸਕੂਲ ਤੋਂ ਆਉਣ ਤੋਂ ਬਾਅਦ ਲੜਕੀ ਕਾਫੀ ਡਰੀ ਹੋਈ ਸੀ ਅਤੇ ਰਾਤ ਤੱਕ ਗੱਲ ਨਹੀਂ ਕੀਤੀ। ਖਾਣਾ ਵੀ ਠੀਕ ਤਰ੍ਹਾਂ ਨਹੀਂ ਖਾਧਾ। ਰਾਤ ਕਰੀਬ 10 ਵਜੇ ਜਦੋਂ ਮੈਂ ਉਸ ਨੂੰ ਟਾਇਲਟ ਲੈ ਕੇ ਗਈ ਤਾਂ ਉਸਨੂੰ ਬਲੱਡ ਆਉਣ ਕਾਰਨ ਉਹ ਘਬਰਾ ਗਈ ਜਿਸ 'ਤੇ ਉਹ ਤੁਰੰਤ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਉਹਨਾਂ ਨੂੰ ਪਤਾ ਲੱਗਾ ਕਿ ਬੱਚੀ ਨਾਲ ਜਬਰ ਜ਼ਿਨਾਹ ਹੋਇਆ ਹੈ। ਉਹਨਾਂ ਦੋਸ਼ ਲਾਇਆ ਕਿ ਬੱਚੀ ਨਾਲ ਸਕੂਲ ਵਿੱਚ ਇਹ ਦਰਦਨਾਕ ਘਟਨਾ ਵਾਪਰੀ ਹੈ। ਜਿਸ ਨੂੰ ਲੈ ਕੇ ਉਨ੍ਹਾਂ ਸਕੂਲ ਦੇ ਪ੍ਰਸ਼ਾਸਨ 'ਤੇ ਵੀ ਸਵਾਲ ਖੜ੍ਹੇ ਕੀਤੇ। ਇਸ ਮਾਮਲੇ ਨੂੰ ਲੈ ਕੇ ਪੁਲਿਸ 'ਤੇ ਵੀ ਸਕੂਲ ਪ੍ਰਸ਼ਾਸਨ ਦਾ ਸਾਥ ਦੇਣ ਦੇ ਦੋਸ਼ ਲੱਗਾਏ ਗਏ ਜਿਸ ਦੇ ਚਲਦਿਆਂ ਉਹਨਾਂ ਨੂੰ ਆਖਰ ਧਰਨਾ ਦੇਣਾ ਪਿਆ ਅਤੇ ਇਨਸਾਫ ਦੀ ਮੰਗ ਕਰਨੀ ਪਈ। ਉੱਧਰ ਸੂਚਨਾ ਮਿਲਣ ਤੋਂ ਤੁਰੰਤ ਬਾਅਦ ਮੌਕੇ 'ਤੇ ਪਹੁੰਚੇ ਡੀ.ਐੱਸ.ਪੀ ਸਿਟੀ ਸੁਖਪਾਲ ਸਿੰਘ ਨੇ ਦੱਸਿਆ ਕਿ ਉਹਨਾਂ ਪੁਲਿਸ ਵੱਲੋ ਲੜਕੀ ਦੀ ਮਾਂ ਦੇ ਬਿਆਨਾਂ ਦੇ ਆਧਾਰ 'ਤੇ ਉਸ ਦਾ ਮੈਡੀਕਲ ਕਰਵਾਉਣ ਤੋਂ ਬਾਅਦ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਜਿਸ ਵਿੱਚ ਅਣਪਛਾਤੇ ਵਿਅਕਤੀਆਂ ਤੇ ਧਾਰਾ 376 ਅਤੇ ਪੋਸਕੋ ਐਕਟ ਤਹਿਤ ਥਾਣਾ ਸਦਰ 'ਚ ਮਾਮਲਾ ਦਰਜ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਹਰ ਪਹਿਲੂ ਦੀ ਜਾਂਚ ਕਰ ਰਹੀ ਹੈ।

## 50 ਲੱਖ ਦੇ ਮੁੱਲ ਦੀ ਹੈਰੋਇਨ ਸਮੇਤ ਬੁਲਟ ਮੋਟਰਸਾਈਕਲ ਸਵਾਰ ਦੋ ਕਾਬੂ



**ਖਡੂਰ ਸਾਹਿਬ/ਜੇਕੇ ਕੰਡਾ**

ਥਾਣਾ ਵੈਰੋਵਾਲ ਦੀ ਪੁਲਸ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਬੁਲਟ ਮੋਟਰਸਾਈਕਲ ਦੋ ਨੌਜਵਾਨਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਕਬਜ਼ੇ ਚੋਂ 95 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ ।ਫੜੀ ਗਈ ਹੈਰੋਇਨ ਦੀ ਕੀਮਤ ਅੰਤਰਰਾਸ਼ਟਰੀ ਬਾਜ਼ਾਰ ਵਿਚ ਪੰਜਾਹ ਲੱਖ ਰੁਪਏ ਦੇ ਕਰੀਬ ਦੱਸੀ ਜਾਂਦੀ ਹੈ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਨਸ਼ਾ ਤਸਕਰਾਂ ਖਿਲਾਫ ਪੁਲਸ ਨੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ ਰਿਮਾਂਡ ਹਾਸਲ ਕਰਨ ਤੋਂ ਬਾਅਦ ਪੁੱਛਗਿੱਛ ਸ਼ੁਰੂ ਕਰ ਦਿੱਤੀ ਗਈ ਹੈ ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਵੈਰੋਵਾਲ ਦੇ ਐੱਸ ਐੱਚ ਓ ਪਰਮਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਐੱਸ ਐੱਸ ਪੀ ਗੁਰਜੀਤ ਸਿੰਘ ਵੱਲੋਂ ਮਾੜੇ ਅਨਸਰਾਂ ਖਿਲਾਫ ਐੱਸਪੀਡੀ ਵਿਸ਼ਾਲਜੀਤ ਸਿੰਘ ਵਲੋਂ ਮਾਡ ? ਅਨਸਰਾਂ ਖ਼ਿਲਾਫ਼ ਐੱਸ ਪੀ ਡੀ ਵਿਸ਼ਾਲ ਜੀਤ ਸਿੰਘ ਦੀ ਨਿਗਰਾਨੀ ਹੇਠ ਉਨ੍ਹਾਂ ਵੱਲੋਂ ਪੁਲਸ ਟੀਮਾਂ ਨਾਲ ਵੱਖ ਵੱਖ ਇਲਾਕਿਆਂ ਵਿੱਚ ਭੇਜੀਆਂ ਸਨ ਉਨ੍ਹਾਂ ਦੱਸਿਆ ਕਿ ਏਐਸਆਈ ਬਿੱਕਰ ਸਿੰਘ ਪੁਲਸ ਪਾਰਟੀ ਸਮੇਤ ਥਾਣਾ ਵੈਰੋਵਾਲ ਨਾਗੋਕੇ ਘਰਾਟ ਨੂੰ ਜਾ ਰਹੇ ਪੁਲਸ ਪਾਰਟੀ ਪਿੰਡ ਬੋਤਲਕੀਡ ?ੀ ਪੁੱਜੀ ਤਾਂ ਸਾਹਮਣੇ ਦੀ ਤਰਫੋਂ ਬੁਲਟ ਮੋਟਰਸਾਈਕਲ ਤੇ ਦੋ ਨੌਜਵਾਨ ਆਉਂਦੇ ਦਿਖਾਈ ਦਿੱਤੇ ਜੋ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਏ ਅਤੇ ਉਨ੍ਹਾਂ ਇਕਦਮ ਪਿੱਛੇ ਨੂੰ ਮੁੜਨ ਲੱਗੇ ਮੋਟਰਸਾਈਕਲ ਦੇ ਪਿੱਛੇ ਬੈਠੇ ਨੌਜਵਾਨ ਨੇ ਆਪਣੀ ਪੈਂਟ ਵਿੱਚੋਂ ਮੋਮੀ ਲਿਫਾਫਾ ਕੱਢ ਕੇ ਸੜਕ ਦੇ ਕਿਨਾਰੇ ਸੁੱਟ ਦਿੱਤਾ ਪੁਲਸ ਪਾਰਟੀ ਨੇ ਸ਼ੱਕ ਪੈਣ ਤੇ ਦੋਵੇਂ ਨੌਜਵਾਨਾਂ ਨੂੰ ਕਾਬੂ ਕਰਕੇ ਜਦ ਸੁੱਟੇ ਗਏ ਮੋਮੀ ਲਿਫਾਫੇ ਦੀ ਤਲਾਸ਼ੀ ਲਈ ਤਾਂ ਉਸ ਵਿਚੋਂ ਹੈਰੋਇਨ ਬਰਾਮਦ ਹੋਈ ਕਾਬੂ ਕੀਤੇ ਗਏ ਉਕਤ ਨਸ਼ਾ ਤਸਕਰਾਂ ਦੀ ਪਛਾਣ ਮਨਪ੍ਰੀਤ ਸਿੰਘ ਮਸੀਹ ਪੁੱਤਰ ਸੰਤੋਖ ਮਸੀਹ ਵਾਸੀ ਕੁਰਵਾਲੀਆ ਜ਼ਿਲ੍ਹਾ ਗੁਰਦਾਸਪੁਰ ਅਤੇ ਸ਼ਮਸ਼ੇਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਕੁਰਵਾਲੀਆ ਜ਼ਿਲਾ ਗੁਰਦਾਸਪੁਰ ਵਜੋਂ ਹੋਈ ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨਾਂ ਪਾਸੋਂ ਹੀਰੋਇਨ ਤੋਂ ਇਲਾਵਾ ਦੋ ਮੋਬਾਇਲ ਫੋਨ 505 ਰੁਪਏ ਦੀ ਭਾਰਤੀ ਕਰੰਸੀ ਅਤੇ ਬੁਲਟ ਮੋਟਰਸਾਈਕਲ ਬਰਾਮਦ ਕਰ ਕੇ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## 4 ਅਪ੍ਰੈਲ ਤੋਂ 20 ਅਪ੍ਰੈਲ ਤੱਕ ਜ਼ਿਲ੍ਹੇ ਦੇ ਸਾਰੇ ਬੀ.ਡੀ.ਪੀ.ਓ. ਦਫ਼ਤਰਾਂ ਵਿਖੇ ਲਗਣਗੇ ਪਲੇਸਮੈਂਟ ਕੈਂਪ

**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਜ਼ਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਊਰੋ , ਗੁਰਦਾਸਪੁਰ ਵੱਲੋਂ ਐਸ.ਆਈ.ਐਸ. ਸਕਿਊਰਟੀ ਐਂਡ ਇੰਟੈਲੀਜੈਂਸ ਸਰਵਿਸਸ ਲਿਮਟਿਡ ਕੰਪਨੀ ਨਾਲ ਤਾਲਮੇਲ ਕਰਕੇ 4 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਗੁਰਦਾਸਪੁਰ ਵਿਖੇ ਮਿਤੀ 5 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਧਾਰੀਵਾਲ, 6 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਕਾਹਨੂੰਵਾਨ , 7 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਕਾਦੀਆ , 11 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਸ੍ਰੀ ਹਰਗੋਬਿੰਦਪੁਰ, 12 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਦੌਰਾਂਗਲਾ, 13 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ ?ਤਰ ਬਟਾਲਾ, 18 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਦਫ਼ਤਰ ਕਲਾਨੌਰ, 19 ਅਪ੍ਰੈਲ, 2022 ਨੂੰ ਡੇਰਾ ਬਾਬਾ ਨਾਨਕ ਅਤੇ 20 ਅਪ੍ਰੈਲ, 2022 ਨੂੰ ਬੀ.ਡੀ.ਪੀ.ਓ. ਫਤਿਹਗੜ੍ਹ ਚੂੜੀਆਂ ਵਿਖੇ ਕੇਵਲ ਲੜਕਿਆਂ ਦੇ ਲਇਲ ਪਲੇਸਮੈਂਟ ਕੈਂਪ ਲਗਾਏ ਜਾ ਰਹੇ ਹਨ । ਇਸ ਸਬੰਧੀ ਜਾਣਕਾਰੀ ਦਿੰਦਿਆ ਜ਼ਿਲ੍ਹਾ ਰੋਜਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਇਸ ਭਰਤੀ ਲਈ ਪ੍ਰਸਾਰ ਐਕਟ 2005 ਦੇ ਤਹਿਤ ਘੱਟੋ-ਘੱਟ 10ਵੀਂ , 12ਵੀਂ ਪਾਸ ਵਿੱਦਿਆਕ ਯੋਗਤਾ ਵਾਲੇ ਪ੍ਰਾਰਥੀਆਂ ਦੀ ਲੋੜ ਹੈ ਤੇ ਉਮਰ ਸੀਮਾ 21 ਤੋਂ 37 ਸਾਲ ਅਤੇ ਕੱਦ ਘੱਟੋ ਘੱਟ 5 ਫੁੱਟ 6 ਇੰਚ ਭਾਰ 54 ਕਿੱਲੋ , ਛਾਤੀ 80 ਸੈਂਟੀਮੀਟਰ ਹੋਣੀ ਚਾਹੀਦੀ ਹੈ । ਉਨ੍ਹਾਂ ਦੱਸਿਆ ਕਿ ਤਨਖਾਹ 13000 ਪ੍ਰਤੀ ਮਹੀਨਾ ਲੈ ਕੇ 16000 ਪ੍ਰਤੀ ਮਹੀਨਾ ਹੋਵੇਗੀ । ਇੰਟਰਵਿਊ ਵਿੱਚ ਹਾਜ਼ਰ ਹੋਣ ਵਾਲੇ ਪ੍ਰਾਰਥੀ ਫਾਰਮਲ ਡਰੈਸ ਵਿੱਚ ਆਉਣ ਅਤੇ ਵਿਦਿਆਕ ਯੋਗਤਾ ਦੇ ਸਰਟੀਫਿਕੇਟ ਦੀਆਂ ਫੋਟੋਸਟੈਟ ਕਾਪੀਆਂ ਅਤੇ ਰਿਜਊਮ ਨਾਲ ਲੈ ਕੇ ਆਉਣਾ ਯਕੀਨੀ ਬਣਾਉਣ । ਉਹਨਾਂ ਹੋਰ ਦੱਸਿਆ ਕਿ ਐਸ.ਆਈ.ਕੰਪਨੀ ਦੁਆਰਾ ਯੋਗ ਪ੍ਰਾਰਥੀਆਂ ਦੀ ਚੋਣ ਤੋਂ ਬਾਅਦ ਇਕ ਮਹੀਨੇ ਦੀ ਟ੍ਰੇਨਿੰਗ ਦਿੱਤੀ ਜਾਵੇਗੀ । ਟ੍ਰੇਨਿੰਗ ਦੌਰਾਨ ਉਮੀਦਵਾਰ ਤੋਂ ਰਹਿਣ , ਖਾਣ-ਪੀਣ ਅਤੇ ਵਰਦੀ ਦਾ ਖਰਚਾ ਕੰਪਨੀ ਵੱਲੋਂ ਲਿਆ ਜਾਵੇਗਾ ।

## ਆਪ ਪਾਰਟੀ ਦੀ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ-ਸ੍ਰੀ ਰਮਨ ਬਹਿਲ




**ਗੁਰਦਾਸਪੁਰ/ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਸ੍ਰੀ ਰਮਨ ਬਹਿਲ, ਆਪ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਚੇਅਰਮੈਨ ਐਸ.ਐਸ.ਐਸ ਬੋਰਡ ਪੰਜਾਬ ਵਲੋਂ ਸਰਕਾਰੀ ਆਯੁਰਵੈਦਿਕ ਡਿਸਪੈਂਸਰੀ ਹਰਦੋਛੰਨੀ ਵਿਖੇ ਲੱਗੇ ਮੁਫ਼ਤ ਆਯੂਰਵੈਦਿਕ ਮੈਡੀਕਲ ਕੈਂਪ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਡਾ. ਸੁਖਵਿੰਦਰ ਕੋਰ ਜ਼ਿਲਾ ਆਯੂਰਵੈਦਿਕ ਅਤੇ ਯੂਨਾਨੀ ਅਫਸਰ ਗੁਰਦਾਸਪੁਰ, ਡਾ ਰੋਮੀ ਮਹਾਜਨ ਡਿਪਟੀ ਮੈਡੀਕਲ ਕਮਿਸ਼ਨਰ, ਡਾ. ਅਸ਼ੋਕ ਕੁਮਾਰ, ਡਾ. ਬਿਕਰਮਜੀਤ ਸਿੰਘ, ਰਾਕੇਸ ਕੁਮਾਰ ਤੇ ਬਲਵਿੰਦਰ ਸਿੰਘ ਮੌਜੂਦ ਸਨ। ਇਸ ਮੌਕੇ ਸ੍ਰੀ ਰਮਨ ਬਹਿਲ ਆਯੂਰਵੈਦਿਕ ਵਿਭਾਗ ਵਲੋਂ ਲਗਾਏ ਗਏ ਮੈਡੀਕਲ ਕੈਂਪ ਦੀ ਸਰਾਹਨਾ ਕੀਤੀ ਤੇ ਲੋਕਾਂ ਨੂੰ ਆਯੂਰਵੈਦਿਕ ਪ੍ਰਣਾਲੀ ਨਾਲ ਜੁੜ ਕੇ ਇਲਾਜ ਕਰਵਾਉਣ ਲਈ ਪ੍ਰੇਰਿਤ ਕੀਤਾ। ਉਨਾਂ ਅੱਗੇ ਕਿਹਾ ਕਿ ਆਯੂਰਵੈਦਿਕ ਪ੍ਰਣਾਲੀ ਹਜਾਰਾਂ ਸਾਲ ਪੁਰਾਣੀ ਵਿਧੀ ਹੈ, ਜਿਸ ਵਿਚ ਹੋਰ ਜ਼ਿਆਦਾ ਰਿਸਰਚ ਕਰਨ ਦੀ ਲੋੜ ਹੈ। ਸ੍ਰੀ ਬਹਿਲ ਨੇ ਅੱਗੇ ਕਿਹਾ ਕਿ ਸ. ਭਗਵੰਤ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਸੂਬਾ ਸਰਕਾਰ ਵਲੋਂ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਲੋਕਹਿੱਤ ਲਈ ਵੱਡੇ ਕਦਮ ਉਠਾਏ ਜਾ ਰਹੇ ਤਾਂ ਜੋ ਇਨਾਂ ਬੁਨਿਆਦੀ ਸਹੂਲਤਾਂ ਦਾ ਲਾਭ ਆਮ ਲੋਕਾਂ ਤਕ ਪੁਹੰਚ ਸਕੇ। ਉਨਾਂ ਅੱਗੇ ਕਿਹਾ ਕਿ ਆਪ ਪਾਰਟੀ ਦੀ ਸਰਕਾਰ ਵਲੋਂ ਪਿੰਡ ਤੇ ਸ਼ਹਿਰ ਪੱਧਰ ਤੱਕ ਲੋਕਾਂ ਦੀ ਸਿਹਤ ਸਹੂਲਤ ਨੂੰ ਮੁੱਖ ਰੱਖਦਿਆ ਆਯੂਰਵੈਦਿਕ ਸਮੇਤ ਸਿਹਤ ਵਿਭਾਗ ਵਲੋਂ ਮੁਫਤ ਮੈਡੀਕਲ ਕੈਂਪ ਲਗਾਏ ਜਾਣਗੇ, ਤਾਂ ਜੋ ਲੋਕ ਹਸਪਤਾਲ ਤਕ ਪਹੁੰਚ ਨਹੀ ਕਰ ਸਕਦੇ, ਉਨਾਂ ਦਾ ਇਲਾਜ ਕੀਤਾ ਜਾ ਸਕੇ। ਉਨਾਂ ਦੁਹਰਾਇਆ ਕਿ ਆਪ ਪਾਰਟੀ ਦੀ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਰਾਜ ਸਕਾਰ ਵਲੋਂ ਲੋਕਹਿੱਤ ਲਈ ਵੱਡੇ ਕਦਮ ਉਠਾਏ ਜਾ ਰਹੇ ਹਨ। ਇਸ ਮੌਕੇ ਉਨਾਂ ਸਰਕਾਰੀ ਆਯੂਰਵੈਦਿਕ ਡਿਸਪੈਂਸਰੀ ਹਰਦੋਛੰਨੀ ਵਿਚ ਹੋਣ ਵਾਲੇ ਹੋਰ ਵਿਕਾਸ ਕਾਰਜਾਂ ਲਈ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਡਾ. ਸੁਖਵਿੰਦਰ ਕੋਰ ਜ਼ਿਲਾ ਆਯੂਰਵੈਦਿਕ ਅਤੇ ਯੂਨਾਨੀ ਅਫਸਰ ਨੇ ਦੱਸਿਆ ਕਿ ਡਾਇਰੈਕਟਰ ਆਯੂਰਵੈਦਿਕ ਡਾ. ਪੂਨਮ ਵਸ਼ਿਸਟ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇਹ ਮੈਡੀਕਲ ਕੈਂਪ ਲਗਾਇਆ ਗਿਆ। ਜਿਸ ਵਿਚ ਕਰੀਬ 225 ਮਰੀਜਾਂ ਦਾ ਚੈੱਕਅੱਪ ਕੀਤਾ ਗਿਆ।

Website : www.lokbani.com
lokbani08@gmail.com

# ਬਾਬਾ ਬੁੱਢਾ ਵੰਸ਼ਜ ਵਲੋਂ ਗੁ: ਗੁਰੂ ਕੇ ਮਹਿਲ ਵਿਖੇ 12ਵੀਂ ਸ਼ਬਦ ਚੌਂਕੀ ਸਾਹਿਬ ਸਜਾਈ ਗਈ



**ਅੰਮ੍ਰਿਤਸਰ/ਲੋਕ ਬਾਣੀ**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪ੍ਰਕਾਸ਼ ਅਸਥਾਨ ਗੁ: ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਬਾਬਾ ਬੁੱਢਾ ਸਾਹਿਬ ਜੀ ਦੇ ਵਾਰਸ਼ਾ ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਦੀ 10ਵੀਂ ਪੀੜ੍ਹੀ ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ ਸਪੁੱਤਰ ਸੰਤ ਅਮਰੀਕ ਸਿੰਘ ਰੰਧਾਵਾ ਅਤੇ ਬਾਬਾ ਰਘਬੀਰ ਸਿੰਘ ਰੰਧਾਵਾ ਵਲੋਂ ਹਰ ਮਹੀਨੇ ਦੀ ਤਰਾਂ ਸੰਗਤਾਂ ਸਮੇਤ ਮਹੀਨਾਵਾਰੀ 12ਵੀਂ ਸ਼ਬਦ ਚੌਂਕੀ ਸਾਹਿਬ ਸਜਾਈ ਗਈ । ਬਾਬਾ ਸਹਾਰੀ ਗੁਰੂ ਕਾ ਹਾਲੀ ਰੰਧਾਵਾ ਯਾਦਗਾਰੀ ਅਸਥਾਨ ਛੇਹਰਟਾ ਤੋਂ @ਬਾਬਾ ਬੁੱਢਾ ਸਾਹਿਬ ਸ਼ਬਦ ਚੌਂਕੀ ਜਥਾ' 5 ਵਜੇ ਅਰਦਾਸ ਕਰਕੇ ਗੁ: ਗੁਰੂ ਕੇ ਮਹਿਲ ਅੰਮ੍ਰਿਤਸਰ ਨੂੰ ਰਵਾਨਾ ਹੋਇਆ । ਸ਼ਬਦ ਚੌਂਕੀ ਜਥੇ ਵੱਲੋਂ ਢੋਲਕੀ, ਛੈਣਿਆਂ ਅਤੇ ਚਿੰਮਟਿਆਂ ਨਾਲ ਸ਼ਬਦ ਪੜਦੇ ਹੋਏ ਗੁ: ਸਾਹਿਬ ਦੀਆਂ ਪਰਕਰਮਾਂ ਕਰਨ ਤੋਂ ਬਾਅਦ ਭੋਰਾ ਸਾਹਿਬ 'ਚ ਬੈਠ ਕੇ ਚੌਪਈ ਸਾਹਿਬ ਦੇ ਪਾਠ ਕੀਤੇ ਗਏ । ਸ਼ਬਦੀ ਜਥੇ 'ਚ ਪ੍ਰੋ: ਬਾਬਾ ਰੰਧਾਵਾ ਦੇ ਨਾਲ ਬਾਬਾ ਰਘਬੀਰ ਸਿੰਘ ਰੰਧਾਵਾ, ਭਾਈ ਗੁਰਦੇਵ ਸਿੰਘ, ਭਾਈ ਹਰਜਿੰਦਰ ਸਿੰਘ ਗਿਲ, ਐਡਵੋ: ਪਰਮਜੀਤ ਸਿੰਘ ਤੇਗ, ਬੱਚੀ ਹਰਸਿਮਰਨਪ੍ਰੀਤ ਕੌਰ ਤੇਗ, ਭਾਈ ਜਤਿੰਦਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਤੋਂ ਇਲਾਵਾ ਸ਼ਹਿਰ ਦੀਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ । ਰੋਜਾਨਾ ਥੜਾ ਸਾਹਿਬ ਦੇ ਕਰਵਾਏ ਜਾਂਦੇ ਇਸ਼ਨਾਨ ਲਈ ਚੌਂਕੀ ਜਥੇ ਵਲੋਂ ਰਾਤ 8 ਕੁ ਵਜੇ ਗਾਗਰੀ ਸਿੰਘ ਨਾਲ ਸ੍ਰੀ ਅੰਮ੍ਰਿਤਸਰ ਸਰੋਵਰ ਤੋਂ ਸ਼ਬਦ ਪੜਦੇ ਹੋਏ ਜਲ ਦੀ ਗਾਗਰ ਭਰਕੇ ਲਿਆਂਦੀ ਗਈ । ਇਸ਼ਨਾਨ ਜਥੇ ਦੇ ਨਾਲ ਸ਼ਬਦ ਚੌਂਕੀ ਜਥੇ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪ੍ਰਕਾਸ਼ ਕਰਨ ਵਾਲੇ ਥੜੇ ਸਾਹਿਬ ਦਾ ਇਸ਼ਨਾਨ ਕਰਾਉਣ ਦੀ ਸੇਵਾ ਲੁੱਟੀ ।

# ਜ਼ਿਲ੍ਹੇ ਵਿੱਚ ਕੰਬਾਈਨਾਂ ਨਾਲ ਵਾਢੀ 'ਤੇ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਪਾਬੰਦੀ

**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਜ਼ਿਲ੍ਹਾ ਮੈਜਿਸਟ੍ਰੇਟ ਵਿਸ਼ੇਸ਼ ਸਾਰੰਗਲ ਨੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੀ ਹਦੂਦ ਅੰਦਰ ਰਬੀ ਖਰੀਦ ਸੀਜ਼ਨ 2022-23 ਦੀ ਸ਼ੁਰੂਆਤ ਦੇ ਮੱਦੇਨਜ਼ਰ ਕੰਬਾਈਨਾਂ ਨਾਲ ਵਾਢੀ 'ਤੇ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਤਹਿਤ ਪਾਬੰਦੀ ਲਗਾ ਦਿੱਤੀ ਹੈ।ਉਨ੍ਹਾਂ ਕਿਹਾ ਕਿ ਉਕਤ ਸਮੇਂ ਦੌਰਾਨ ਕੰਬਾਈਨ ਨਾਲ ਕਟਾਈ ਅਣ-ਪੱਕੀ ਤੇ ਨਮੀ ਵਾਲੀ ਕਣਕ ਦੀ ਕਟਾਈ ਹੋਣ ਦੀ ਸੰਭਾਵਨਾ ਹੈ, ਜਿਸ ਨੂੰ ਕਿ ਮੰਡੀਆਂ ਵਿੱਚ ਆਉਣ 'ਤੇ ਮਿੱਥੇ ਮਿਆਰਾਂ ਮੁਤਾਬਕ ਨਾ ਹੋਣ ਕਾਰਨ ਏਜੰਸੀਆਂ ਖਰੀਦਣ ਤੋਂ ਗੁਰੇਜ਼ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਅਣ-ਪੱਕੀ ਤੇ ਨਮੀ ਵਾਲੀ ਕਣਕ ਦੀ ਉਕਤ ਸਮੇਂ ਵਿੱਚ ਕਟਾਈ ਹੋਣ ਕਾਰਨ ਗੁਣਵੱਤਾ 'ਤੇ ਵੀ ਮਾੜਾ ਅਸਰ ਪੈਂਦਾ ਹੈ। ਇਸ ਲਈ ਜ਼ਿਲ੍ਹੇ ਵਿੱਚ ਸ਼ਾਮ 7 ਵਜੇ ਤੋਂ ਸਵੇਰੇ 6 ਵਜੇ ਤੱਕ ਕੰਬਾਈਨ ਨਾਲ ਕਣਕ ਦੀ ਕਟਾਈ 'ਤੇ ਰੋਕ ਦੇ ਇਹ ਹੁਕਮ ਪਹਿਲੀ ਅਪਰੈਲ ਤੋਂ 31 ਮਈ 2022 ਤੱਕ ਲਾਗੂ ਰਹਿਣਗੇ।

# ਜੀ. ਟੀ. ਯੂ. ਦੀ ਜਨਰਲ ਕੌਂਸਲ ਦਾ ਅਜਲਾਸ 8 ਅਪ੍ਰੈਲ ਨੂੰ ਜ਼ੀਰਾ ਵਿਖੇ ਹੋਵੇਗਾ - ਚਾਹਲ



**ਸ਼ਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 16ਵੀਂ ਜਨਰਲ ਕੌਂਸਲ ਦਾ ਦੂਜਾ ਅਜਲਾਸ 8 ਅਪ੍ਰੈਲ, 2022 ਦਿਨ ਸ਼ੁਕਰਵਾਰ ਨੂੰ ਸ਼੍ਰੀ ਸਾਵਣ ਮੱਲ ਅਗਰਵਾਲ ਪੈਲੇਸ, ਕੋਟ ਈਸੇ ਖਾਂ ਰੋਡ, ਜ਼ੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਵੇਗਾ। ਇਸ ਦੀ ਜਾਣਕਾਰੀ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ, ਜਥੇਬੰਦਕ ਸਕੱਤਰ ਬਲਵਿੰਦਰ ਸਿੰਘ ਭੁੱਟੋ ਅਤੇ ਸੂਬਾ ਕਮੇਟੀ ਮੈਂਬਰ ਨੀਰਜ ਯਾਦਵ ਨੇ ਸਾਂਝਾ ਬਿਆਨ ਜਾਰੀ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਜਨਰਲ ਕੌਂਸਲ ਦੇ 256 ਮੈਂਬਰੀ ਜਨਰਲ ਕੌਂਸਲ ਦੇ ਅਜਲਾਸ ਵਿੱਚ ਪ੍ਰਧਾਨਗੀ ਮੰਡਲ ਦੇ ਮੈਂਬਰ, ਸੂਬਾ ਕਮੇਟੀ ਮੈਂਬਰ ਅਤੇ ਬਲਾਕ ਪ੍ਰਧਾਨ ਹਿੱਸਾ ਲੈਣਗੇ। ਜੋ ਪਿਛਲੀਆਂ ਸਰਕਾਰਾਂ ਸਮੇਂ ਅਧਿਆਪਕਾਂ ਦੇ ਮਸਲੇ ਹੱਲ ਕਰਨ ਦੀ ਬਜਾਏ ਸੰਘਰਸ਼ ਕਰ ਰਹੇ ਅਧਿਆਪਕਾਂ ਤੇ ਪੁਲਸ ਕੇਸ, ਟਰਮੀਨੇਸ਼ਨਾਂ, ਮੁਅੱਤਲੀਆਂ, ਬਦਲੀਆਂ, ਨੋਟਿਸਾਂ ਆਦਿ ਦੇ ਗ਼ੈਰ ਜਮਹੂਰੀ ਹਮਲਿਆਂ ਨਾਲ ਅਧਿਆਪਕ ਆਗੂਆਂ ਨੂੰ ਡਰਾ ਧਮਕਾ ਕੇ ਅਧਿਆਪਕ ਲਹਿਰ ਦੀ ਆਵਾਜ਼ ਬੰਦ ਕਰਨ ਦੀ ਕੋਸ਼ਿਸ਼ ਦੀ ਥਾਂ ਨਵੀਂ ਸਰਕਾਰ ਤੋਂ ਅਧਿਆਪਕ ਮਸਲੇ ਹੱਲ ਕਰਨ ਅਤੇ ਜਨਤਕ ਸਿੱਖਿਆ ਨੂੰ ਬਚਾਉਣ ਦੀ ਆਸ ਨਾਲ ਭਵਿੱਖ ਦੀਆਂ ਚੁਣੌਤੀਆਂ ਦੇ ਹਾਣ ਦਾ ਸੰਘਰਸ਼ ਉਸਾਰਨ ਸਬੰਧੀ ਵੀ ਵਿਚਾਰ ਕਰਨਗੇ । ਉਨ੍ਹਾਂ ਦੱਸਿਆ ਕਿ ਅਜਲਾਸ ਦੌਰਾਨ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਭਾਣਜੇ ਪ੍ਰੋਫ਼ੈਸਰ ਜਗਮੋਹਣ ਸਿੰਘ (All India Forum for Right To Education) ਰਾਸ਼ਟਰੀ ਸਿੱਖਿਆ ਨੀਤੀ - 2020 ਦੇ ਮਾਰੂ ਪ੍ਰਭਾਵਾਂ ਸਬੰਧੀ ਵਿਚਾਰ ਪ੍ਰਗਟ ਕਰਨ ਲਈ ਵਿਸ਼ੇਸ਼ ਤੌਰ @ਤੇ ਪਹੁੰਚ ਰਹੇ ਹਨ।

# ਸਾਵਧਾਨੀ ਦੀ ਆਦਤ ਅਤੇ ਬਚਾਓ ਦੀ ਟ੍ਰੇਨਿੰਗ ਅਤੇ ਕੁਝ ਸਮੇ ਮਗਰੋਂ ਕੀਤੀ ਮੋਕ ਡਰਿੱਲ ਅਗ ਦੀਆ ਘਟਨਾਵਾਂ ਤੋ ਬਚਾ ਸਕਦੇ ਹਨ। ਤੁਹਾਡੀ ਸੁਰੱਖਿਆ ਤੁਹਾਡੇ ਹੱਥ

**ਪਟਿਆਲਾ/ਜਗਦੀਸ਼**

ਤੁਹਾਡੇ ਘਰ ਵਿੱਚ ਅਗ ਲਗਣ ਅਤੇ ਗੈਸ ਲੀਕ ਹੋਣ ਦੀ ਦੁਰਘਟਨਾ ਰੋਕਣਾ ਕਿਸ ਦੀ ਜਿੰਮੇਵਾਰੀ ? ਅੱਗ ਕਾਬੂ ਰਹੇ ਤਾ ਨੌਕਰ ਵਾਗ ਸੇਵਾਦਾਰ ਹੈ ਅਤੇ ਬੇਕਾਬੂ ਹੋ ਜਾਵੇ ਤਾ ਆਫਤ ਬਨਕੇ ਤਬਾਹੀ ਕਰਦੀ ਹੈ। ਗੈਸ, ਪੈਟਰੋਲੀਅਮ ਪਦਾਰਥਾਂ ਅਤੇ ਬਿਜਲੀ ਦੀ ਅਗ ਕੁਝ ਸਕਿੰਟਾਂ ਵਿੱਚ ਫੈਲਦੀ ਅਤੇ ਬੇਕਾਬੂ ਹੋਕੇ ਤਬਾਹੀ ਮਚਾਉਦੀ ਹੈ। ਭਾਰਤ ਵਿੱਚ ਹਰ ਰੋਜ ਅਗ, ਕਰੰਟ ਗੈਸਾ ਪੈਟਰੋਲੀਅਮ ਪਦਾਰਥਾਂ ਦੀ ਤਬਾਹੀ ਨਾਲ 80 ਤੋ 100 ਲੋਕ ਮਰਦੇ ਅਤੇ ਲੱਖਾਂ ਰੁਪਏ ਦੀ ਪ੍ਰਾਪਰਟੀ ਤਬਾਹ ਹੁੰਦੀ ਹੈ। ਪਰ ਅਜ ਵੀ 90 ਪ੍ਰਤੀਸ਼ਤ ਲੋਕ ਘਰੇਲੂ ਇਸਤਰੀਆ ਫੈਕਟਰੀਆਂ ਵਰਕਰ ਆਖ ਕਰੰਟ ਜਾ ਗੈਸ ਲੀਕ ਹੋਣ ਤੋ ਬਚਾਓ ਬਾਰੇ ਅਣਜਾਣ ਹਨ॥॥॥॥॥॥॥॥॥ ਮੈਂ ਇੱਕ ਟੈਕਨੀਕਲ ਯੂਨੀਵਰਸਿਟੀ ਦੇ ਪ੍ਰੋਫੈਸਰ ਦੇ ਘਰ ਗਿਆ। ਦੋਵੇ ਪ੍ਰੋਫੈਸਰ ਹਨ, ਦੋ ਬੱਚੇ ਅਤੇ ਬਜੁਰਗ ਮਾਤਾ ਪਿਤਾ ਘਰ ਇਕੱਠੇ ਰਹਿੰਦੇ ਹਨ। ਮੈਡਮ ਜੀ ਨੇ ਕਾਫੀ ਬਣਾਈ ਅਤੇ ਪੀਣ ਮਗਰੋਂ ਮੈ ਬਣਾਉਣ ਲਈ ਧੰਨਵਾਦ ਕਰਦਿਆਂ ਪੁਛਿਆ ਕਿ ਕਿਥੇ ਬਣਾਈ ਹੈ ਤਾ ਊਨਾਂ ਨੇ ਰਸੋਈ ਦਿਖਾਈ। ਮੈ ਚੂਲੇ ਦੀ ਪ੍ਰਸੰਸਾ ਕੀਤੀ ਅਤੇ ਪੁਛਿਆ ਕਿ ਗੈਸ ਸਿਲੰਡਰ ਕਿਥੇ ਹੈ ਉਹ ਕਹਿੰਦੇ ਸਰ ਬਾਹਰ ਪੋਰਚ ਵਿਚ ਬਣੇ ਖਾਨੇ ਵਿੱਚ ਰੱਖਿਆ ਹੈ, ਊਨਾਂ ਨੇ ਦੱਸਿਆ ਕਿ ਪਾਇਪ ਅੰਡਰ ਗਰਾਊਂਡ ਹੈ । ਮੈ ਪੁਛਿਆ ਕਿ ਪਾਈਪ ਦਾ ਰੰਗ ਅਤੇ ਸਾਇਜ ਕੀ ਹੈ। ਉਹ ਚੁਪ। ਉਹ ਕਹਿੰਦੇ ਕਿ ਉਹ ਤਾ ਇਸ ਕੁਆਰਟਰ ਵਿੱਚ 3 ਸਾਲ ਪਹਿਲਾਂ ਆਏ ਸੀ ਪਹਿਲਾ ਕੋਈ ਹੋਰ ਪ੍ਰੋਫੈਸਰ ਪਰਿਵਾਰ ਸਮੇਤ ਰਹਿੰਦੇ ਸਨ। ਮੈ ਫੇਰ ਪੁਛਿਆ ਕਿ ਪਾਈਪ ਕਦੋ ਬਦਲੀ ਗਈ ਸੀ। ਪਤਾ ਨਹੀਂ। ਮੈ ਫੇਰ ਪੁਛਿਆ ਕਿ ਜਦੋ ਗੈਸ ਦੀ ਜਰੂਰਤ ਨਹੀ ਹੁੰਦੀ ਤਾਂ ਗੈਸ ਕਿਥੋ ਬੰਦ ਕਰਕੇ ਹੋ। ਮੈਡਮ ਝਟ ਬੋਲੇ ਸਰ ਚੂਲੇ ਤੋ ਹੀ ਚਲਾਉਂਦੇ ਹਾਂ ਅਤੇ ਚੂਲੇ ਤੋ ਹੀ ਬੰਦ। ਫੇਰ



ਪੁਛਿਆ ਕਿ ਆਪਜੀ ਨੂੰ ਪਤਾ ਕਿ ਗੈਸ ਸਿਲੰਡਰ ਦੀ ਪਾਈਪ ਕਿਤਨੇ ਸਮੇ ਮਗਰੋਂ ਬਦਲਣੀ ਚਾਹੀਦੀ ਹੈ। ਉਹ ਚੁਪ। ਫੇਰ ਪੁਛਿਆ ਕਿ ਤੁਹਾਡੇ ਘਰ ਅੰਦਰ ਅਗ ਲਗਣ , ਗੈਸ ਲੀਕ ਹੋਣ, ਕਰੰਟ ਲੱਗਣ ਦੀ ਘਟਨਾ ਰੋਕਣ ਅਤੇ ਤੁਹਾਡੇ ਪਰਿਵਾਰ ਦੀ ਸੇਫਟੀ ਅਤੇ ਬਚਾਓ ਲਈ ਕੋਣ ਜੁੰਮੇਵਾਰ ਹੈ, ਸਰਕਾਰ, ਯੂਨੀਵਰਸਿਟੀ, ਫਾਇਰ ਬ੍ਰਿਗੇਡ ਜਾ ਸਿਕਿਉਰਿਟੀ ਵਾਲੇ। ਅਤੇ ਤੁਹਾਨੂੰ ਪਤਾ ਕਿ ਗੈਸ, ਤੇਲ, ਬਿਜਲੀ ਪੈਟਰੋਲ ਦੀ ਅਗ ਕੁਝ ਸੈਕਿਟਾ ਅਤੇ ਮਿੰਟ ਵਿੱਚ ਹੀ ਫੈਲ ਜਾਂਦੀ ਹੈ ਅਤੇ ਫਾਇਰ ਬ੍ਰਿਗੇਡ ਦੇ ਆਉਣ ਤੱਕ ਸੱਭ ਖਤਮ ਅਤੇ ਕਈ ਵਾਰ ਗੈਸ ਸਿਲੰਡਰ ਵੀ ਫੱਟ ਜਾਦੇ ਹਨ ਅਤੇ ਬਿਲਡਿੰਗ ਵੀ ਟੁੱਟ ਜਾਂਦੀ ਹੈ ਅਤੇ ਕਈ ਵਾਰ ਅਗ ਪੜੋਸੀਆ ਦੇ ਘਰ ਜਾ ਮਹੱਲੇ ਵਿਚ ਫੈਲ ਜਾਂਦੀ ਹੈ ਜਿਵੇ ਫੈਕਟਰੀਆਂ ਜੰਗਲਾ ਦੀ ਅਗਵਾਈ। ਫੇਰ ਮੈ ਉਨਾ ਨੂੰ ਸਮਝਾਇਆ ਕਿ ਪਾਈਪ ਹਮੇਸ਼ਾ ਚਾਰ ਸਾਲਾਂ ਮਗਰੋਂ ਬਦਲਿਆ ਜਾਵੇ। 200/300 ਰੂਪੇ ਦਾ ਪਾਈਪ ਆਓਦਾ ਹੈ ਅਤੇ ਪਾਈਪ ਹਮੇਸ਼ਾ ਕੰਪਨੀ ਦੇ ਦਫ਼ਤਰ ਤੋ ਲੈਣਾ ਚਾਹੀਦਾ ਹੈ ਬਜਾਰ ਨਹੀਂ। ਘਰੋ ਬਾਹਰ ਜਾਣ ਸਮੇਂ ਰਾਤ ਨੂੰ ਸੌਣ ਤੋਂ ਪਹਿਲਾਂ ਅਤੇ ਜਦੋ ਗੈਸ ਦੀ ਜਰੂਰਤ ਨਹੀ ਤਾ ਗੈਸ ਸਪਲਾਈ ਸਿਲੰਡਰ ਉਪਰ ਲਗੇ ਰੈਗੂਲੇਟਰ ਤੋ ਹੀ ਬੰਦ ਕਰੋ ਇਸ ਨਾਲ 90 ਪ੍ਰਤੀਸਤ ਗੈਸ ਲੀਕ ਦੇ ਹਾਦਸੇ ਰੁਕ ਸਕਦੇ ਅਤੇ ਤਬਾਹੀ ਤੋ ਬਚਾਓ ਹੁੰਦਾ ਹੈ। ਗੈਸ ਕੋਲ ਹੀਟਰ, ਕੋਈ ਅੰਗੀਠੀ ਨਾ ਜਲਾਓ। ਸੈਲਫਾ ਉਤੇ ਅਖਬਾਰਾਂ ਜਾ ਪਲਾਸਟਿਕ ਪੇਪਰ ਜਾ ਕਪੜੇ ਦਾ ਸਾਮਾਨ ਨਾ ਰੱਖੋ। ਰਸੋਈ ਵਿੱਚ ਜਾ ਗੈਸ ਚੂਲੇ ਕੋਲ ਫਰਿਜ ਦੂਸਰੇ ਗੈਸ ਸਿਲੰਡਰ ਨਾ ਰੱਖੋ। ਗੈਸ ਚੂਲੇ ਕੋਲ ਕੋਈ ਬਿਜਲੀ ਦੀ ਤਾਰ, ਸਵਿੱਚ ਬਲਬ ਪੱਖਾ ਗਰਾਇਡਰ ਮੋਬਾਈਲ ਨਾ ਵਰਤਿਆ ਜਾਵੇ। ਚੂਲਾ ਕਦੇ ਵੀ ਜ਼ਮੀਨ @ਤੇ ਨਾ ਰੱਖਿਆ ਜਾਵੇ। ਪਾਈਪ ਰੈਗੂਲੇਟਰ ਹਮੇਸ਼ਾ ਗੈਸ ਕੰਪਨੀ ਦੇ ਦਫਤਰ ਤੋ ਲੈਣਾ ਚਾਹੀਦਾ ਹੈ। ਗੈਸ ਕੰਪਨੀ ਨੂੰ ਜੋ ਐਡਰੈਸ ਦਿਤਾ ਹੈ ਗੈਸ ਸਿਲੰਡਰ ਉਥੇ ਹੀ ਵਰਤਿਆ ਜਾਵੇ। ਹਰ ਸਾਲ ਕੰਪਨੀ ਦੇ ਵਰਕਰ ਤੋ ਜਦੋ ਉਹ ਗੈਸ ਸਿਲੰਡਰ ਬਦਲਣ ਆਵੇ ਤਾ ਗੈਸ ਸਿਲੰਡਰ ਪਾਈਪ ਚੂਲੇ ਦੀ ਚੈਕਿੰਗ ਕਰਵਾਉ। ਘਰ ਜਾ ਕਿਸੇ ਹੋਰ ਥਾ ਬਿਜਲੀ ਦੀਆ ਤਾਰਾ ਨੰਗੀਆ ਅਤੇ ਲਟਕਦੀਆਂ ਨਾ ਰਖੀਆ ਜਾਣ। ਇਕੋ ਪਲਗ ਵਿਚ ਕਈ ਸਵਿੱਚ ਨਾ ਲਗਾਓ। ਭਾਰੀ ਮਸੀਨਾ ਪਬਰ ਜਾ ਵੱਡੇ ਪਲਗ ਤੇ ਹੀ ਚਲਾਓ। ਰਸੋਈ ਵਿੱਚ ਕੰਮ ਕਰਦੀਆ ਲੇਡੀਜ ਸਨਥੈਟਿਕ ਕਪੜੇ ਨਾ ਪਾਉਣ ਸਗੋ ਕਪੜਿਆ ਉਪਰ ਐਪਰਨ ਪਾਕੇ ਅਗ ਕੋਲ ਕੰਮ ਕਰਨ। ਵਾਸ਼ਿੰਗ ਮਸ਼ੀਨ ਕਿਸੇ ਲਕੜ ਜਾ ਪਲਾਸਟਿਕ ਦੇ ਫੱਟੇ ਤੇ ਰਖੋ ਜਾ ਮਸੀਨ ਹੇਠਾ ਪਲਾਸਟਿਕ ਦੇ ਪਈਏ ਲਗੇ ਹੋਣ। ਜਦੋ ਕਪੜੇ ਪਾਉਣੇ ਜਾ ਕਢਣੇ ਹੋਣ ਤਾ ਬਿਜਲੀ ਸਪਲਾਈ ਬੰਦ ਕਰਕੇ, ਸੁੱਕੇ ਹਥ ਵਰਤੋ ਪਰ ਪੈਰਾ ਵਿੱਚ ਪਲਾਸਟਿਕ ਦੀਆਂ ਚਪਲਾ ਜੋ ਸੁਕੀਆ ਹੋਣ, ਜਰੂਰ ਪਾਕੇ ਰੱਖੋ । ਬਚਿਆ ਨੂੰ ਗੈਸ, ਬਿਜਲੀ ਤੋ ਪਰੇ ਰਖੋ। ਇਨਵਰਟਰ ਜਾ ਜਰਨੇਟਰ ਆਟੋਮੈਟਿਕ ਚਾਲੂ ਹਾਲਤ ਵਿੱਚ ਨਾ ਰੱਖਿਆ ਜਾਵੇ। । ਜੇਕਰ ਗੈਸ ਲੀਕ ਹੋਵੇ ਤਾਂ ਬਦਬੂ ਆਉਂਦੀ ਹੈ ਤਾ ਝਟ ਮੂੰਹ ਨੱਕ ਤੇ ਗਿਲਾ ਕਪੜਾ ਲਪੇਟ ਲਓ ਅਤੇ ਰਸੋਈ ਵਿੱਚ ਜਾਕੇ ਰੈਗੂਲੇਟਰ ਤੋ ਗੈਸ ਸਪਲਾਈ ਬੰਦ ਕਰੋ ,

## ਅੱਜ ਦਾ ਵਿਚਾਰ

ਕੀ ਕਹਿੰਦਾ ਅੱਜ ਦਾ ਜ਼ਮਾਨਾ
ਨਾ ਸ਼ਕਲੋਂ ਮਾੜੇ
ਆਂ ,ਨਾ ਅਕਲੋਂ
ਤਿੱਖੇ ਆ,
ਅਣਖਾਂ ਨਾਲ
ਤੁਰਨਾ,ਅਸੀਂ
ਜਨਮੋਂ ਸਿੱਖੇ ਆ...
ਰਾਜਪਾਲ ਬਰਾੜ
ਸਿਮਰਪ੍ਰੀਤ ਬਰਾੜ



ਪੱਤਰਕਾਰ
ਜਸਵਿੰਦਰ
ਸਿੰਘ ਬਰਾੜ
ਸਾਧਾਂਵਾਲਾ
ਫ਼ਰੀਦਕੋਟ

# ਪ੍ਰੀਖਿਆਵਾਂ ਦੇ ਮੱਦੇਨਜ਼ਰ ਪ੍ਰੀਖਿਆ ਕੇਂਦਰਾਂ ਦੁਆਲੇ ਧਾਰਾ 144 ਲਾਗੂ

**ਸਹੀਦ ਭਗਤ ਸਿੰਘ ਨਗਰ/ਲੋਕ ਬਾਣੀ**

ਪੰਜਾਬ ਸਕੂਲ ਸਿਖਿਆ ਬੋਰਡ ਵੱਲੋਂ ਮਿਤੀ 7 ਅਪਰੈਲ 2022 ਤੋਂ ਮਿਤੀ 28 ਅਪਰੈਲ 2022 ਤੱਕ ਕਰਵਾਈਆਂ ਜਾ ਰਹੀਆਂ ਅੱਠਵੀਂ ਸ਼੍ਰੇਣੀ ਦੀਆਂ ਟਰਮ-2 ਪ੍ਰੀਖਿਆਵਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟ੍ਰੇਟ ਵਿਸ਼ੇਸ਼ ਸਾਰੰਗਲ ਵੱਲੋਂ ਇਨ੍ਹਾਂ ਪ੍ਰੀਖਿਆਵਾਂ ਲਈ ਬਣਾਏ ਗਏ ਜ਼ਿਲ੍ਹੇ ਵਿਚਲੇ ਇਮਤਿਹਾਨ ਕੇਂਦਰਾਂ ਦੇ ਆਲੇ ਦੁਆਲੇ ਧਾਰਾ 144 ਤਹਿਤ ਅਣ-ਅਧਿਕਾਰਿਤ ਵਿਅਕਤੀਆਂ ਦੇ ਦਾਖਲੇ 'ਤੇ ਮਨਾਹੀ ਕੀਤੀ ਗਈ ਹੈ।ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਇਨ੍ਹਾਂ ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਨਕਲ ਅਤੇ ਅਣ-ਸੁਖਾਵੀਂ ਘਟਨਾ ਨੂੰ ਰੋਕਣ ਲਈ ਇਹ ਹੁਕਮ ਲਾਗੂ ਕੀਤੇ ਗਏ ਹਨ। ਜ਼ਿਲ੍ਹੇ ਵਿੱਚ ਅਜਿਹੇ 52 ਪ੍ਰੀਖਿਆ ਕੇਂਦਰ ਬਣਾਏ ਗਏ ਹਨ, ਜਿਨ੍ਹਾਂ 'ਤੇ ਇਹ ਮਨਾਹੀ ਦੇ ਹੁਕਮ ਲਾਗੂ ਹੋਣਗੇ।

# ਮੁਲਾਜਮ ਤੇ ਪੈਨਸ਼ਨਰਜ਼ ਤਾਲਮੇਲ ਕਮੇਟੀ ਵੱਲੋਂ ਪੂਰਬ ਮੰਡਲ ਪਟਿਆਲਾ ਵਿਖੇ ਆਪਣੀਆਂ ਮੰਗਾਂ ਸਬੰਧੀ ਮੰਗ ਪੱਤਰ ਦਿੱਤਾ



**ਪਟਿਆਲਾ/ਜਗਦੀਸ਼**

ਅੱਜ ਮਿਤੀ 01—04—2022 ਨੂੰ ਮੁਲਾਜਮ ਤੇ ਪੈਨਸ਼ਨਰਜ਼ ਤਾਲਮੇਲ ਕਮੇਟੀ ਵੱਲੋਂ ਪੂਰਬ ਮੰਡਲ ਪਟਿਆਲਾ ਵਿਖੇ ਆਪਣੀਆਂ ਮੰਗਾਂ ਸਬੰਧੀ ਮਿਤੀ 15—3—2022 ਮੰਗ ਪੱਤਰ ਦਿੱਤਾ ਪਰੰਤੂ ਅਜੇ ਤੱਕ ਸੀਨੀਅਰ ਕਾਰਜਕਾਰੀ ਇੰਜੀਨੀਅਰ ਪੂਰਬ ਮੰਡਲ ਪਟਿਆਲਾ ਨੇ ਮੰਗ ਪੱਤਰ ਤੇ ਕੋਈ ਧਿਆਨ ਨਹੀਂ ਦਿੱਤਾ। ਜਿਸ ਕਾਰਨ ਮੰਡਲ ਦਫਤਰ ਵਿਖੇ ਸ੍ਰੀ ਸੁਰਿੰਦਰ ਸਿੰਘ ਖਾਲਸਾ ਦੀ ਨਿਗਰਾਨੀ ਹੇਠ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਰਾਮ ਚੰਦ ਬਖਸ਼ੀਵਾਲਾ ਸਰਕਲ ਸਕੱਤਰ ਪੈਨਸ਼ਨਰਜ਼ ਐਸੋਸੀਏਸ਼ਨ ਵਿਸ਼ੇਸ਼ ਤੌਰ ਤੇ ਪਹੁੰਚੇ। ਰੈਲੀ ਵਿੱਚ ਮੰਗ ਕੀਤੀ ਗਈ ਕਿ ਮੁਲਾਜਮਾਂ/ਪੈਨਸ਼ਨਰਾਂ ਦੀ ਨਵੇਂ ਸਕੇਲ ਵਿੱਚ ਤਨਖਾਹ ਤੇ ਪੈਨਸ਼ਨ ਮਹੀਨਾ 3/2022 ਵਿੱਚ ਬਣਾਉਣ ਸਬੰਧੀ, ਪਾਵਰਕਾਮ ਦੀਆਂ ਹਦਾਇਤਾਂ ਅਨੁਸਾਰ ਨਵੇਂ ਸਕੇਲ ਦਾ ਏਰੀਅਰ ਦਿੱਤਾ ਜਾਵੇ। ਮੁਲਾਜਮਾਂ ਤੇ ਪੈਨਸ਼ਨਰਾਂ ਦੀਆਂ ਗੁੰਮ ਹੋਈਆਂ ਸੇਵਾ ਪੱਤਰੀਆਂ ਨੂੰ ਤੁਰੰਤ ਪੜਤਾਲ ਕਰਕੇ ਬਣਦੀ ਕਾਰਵਾਈ ਕੀਤੀ ਜਾਵੇ। 66 ਕੇ.ਵੀ. ਗਰਿਡ ਸ/ਸ ਤੇ ਕੰਮ ਕਰਦੇ ਮੁਲਾਜਮਾਂ ਦੇ ਸਾਲ 01—01—2020 ਤੋਂ 31—12—2021 ਤੱਕ ਦੇ ਬਕਾਏ ਓਵਰ ਟਾਇਮ ਦੀ ਅਦਾਇਗੀ ਕੀਤੀ ਜਾਵੇ।

ਮੁਲਾਜਮਾਂ ਦੇ 9 ਸਾਲ 16 ਸਾਲਾ 23 ਸਾਲਾ ਪੈਂਡਿੰਗ ਕੇਸ ਤੁਰੰਤ ਹੱਲ ਕੀਤੇ ਜਾਣ। ਸਟੇਜ ਦੀ ਭੂਮਿਕਾ ਸ੍ਰੀ ਨਾਥ ਨੇ ਨਿਭਾਈ। ਇਸ ਤੋਂ ਇਲਾਵਾ ਡਵੀਜਨ ਪ੍ਰਧਾਨ ਰਾਮ ਚੰਦ ਲਹਿਲ ਪੱਛਮ ਮੰਡਲ ਪਟਿਆਲਾ, ਅਤਰ ਸਿੰਘ ਪ੍ਰਧਾਨ ਸਬ ਅਰਬਨ ਮੰਡਲ ਪਟਿਆਲਾ ਟੀ.ਐਸ.ਯੂ. ਵਲੋਂ ਕੁਲਦੀਪ ਸਿੰਘ, ਡਵੀਜਨ ਪ੍ਰਧਾਨ ਪੂਰਬ ਮੰਡਲ ਪਟਿਆਲਾ ਸ੍ਰੀ ਪ੍ਰਮੋਧ ਕੌਸ਼ਲ ਟੀ.ਐਸ.ਯੂ. ਸਰਕਲ ਸਕੱਤਰ ਪਟਿਆਲਾ, ਪੈਨਸ਼ਨ ਐਸੋਸੀਏਸ਼ਨ ਪੂਰਬ ਮੰਡਲ ਪਟਿਆਲਾ ਦੇ ਪ੍ਰਧਾਨ ਸ੍ਰੀ ਕਿਸ਼ਨ ਕੁਮਾਰ, ਥਾਣਾ ਸਿੰਘ ਆਦਿ ਨੇ ਸੰਬੋਧਨ ਕੀਤਾ। ਵੱਖੋ—ਵੱਖਰੇ ਬੁਲਾਰਿਆਂ ਨੇ ਸੰਬੋਧਨ ਕੀਤਾ ਤੇ ਮੰਗ ਕੀਤੀ ਮੰਗਾਂ ਛੇਤੀ ਤੋਂ ਛੇਤੀ ਲਾਗੂ ਕੀਤੀਆਂ ਜਾਣ। ਜੇਕਰ ਮੰਗਾਂ ਸਬੰਧੀ ਧਿਆਨ ਨਾ ਦਿੱਤਾ ਗਿਆ ਤਾਂ ਸੰਘਰਸ਼ ਤੇਜ ਕੀਤਾ ਜਾਵੇਗਾ ਜਿਸ ਤੋਂ ਨਿਕਲਣ ਵਾਲੇ ਸਿੱਟਿਆਂ ਦੀ ਜਿੰਮੇਵਾਰੀ ਵਧੀਕ ਨਿਗਰਾਨ ਇੰਜੀਨੀਅਰ ਪੂਰਬ ਮੰਡਲ ਪਟਿਆਲਾ ਦੀ ਹੋਵੇਗੀ।


# ਬਿਜਲੀ ਬੋਰਡ ਲਾਇਨ ਮੈਨ ਬਲਦੇਵ ਸਿੰਘ ਛਾਪਾ ਨੂੰ ਦਿੱਤੀ ਵਿਦਾਇਗੀ ਪਾਰਟੀ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸਬ ਡਵੀਜ਼ਨ ਫਤਿਹਪੁਰ ਰਾਜਪੂਤਾਂ ਵਿਖੇ ਤਾਇਨਾਤ ਲਾਇਨ ਮੈਨ ਬਲਦੇਵ ਸਿੰਘ ਛਾਪਾ ਨੂੰ ਉਹਨਾਂ ਦੀ ਰਿਟਾਇਰਮੈਂਟ ਤੇ ਉਹਨਾਂ ਦੇ ਸਾਥੀਆਂ ਨੇ ਵਿਦਾਇਗੀ ਪਾਰਟੀ ਦਿੱਤੀ। ਇਸ ਮੌਕੇ ਤੇ ਇੰਜੀ. ਐਕਸੀਅਨ ਜੰਡਿਆਲਾ ਗੁਰੂ ਦਰਸ਼ਨ ਸਿੰਘ ਗਿੱਲ, ਐਸਡੀਓ ਪੰਕਜ਼ ਸ਼ਰਮਾ, ਜੈਈ ਮਲਕੀਤ ਸਿੰਘ ਮਹਿਣੀਆ, ਜੇਈ ਜਰਨੈਲ ਸਿੰਘ ਛੀਨਾ, ਜੇਈ ਰਤਨ ਸਿੰਘ, ਜੇਈ ਸੁਖਰਾਜ ਸਿੰਘ ਰਸੂਲਪੁਰ ਕਲਾਂ, ਪ੍ਰਧਾਨ ਨਰਿੰਦਰ ਸਿੰਘ ਗਿੱਲ ਮਹਿਣੀਆ, ਜੇਈ ਸਵਿੰਦਰ ਸਿੰਘ, ਹਰਦੀਪ ਸਿੰਘ ਮਾਨਾਂਵਾਲਾ, ਸਬ ਡਵੀਜ਼ਨ ਪ੍ਰਧਾਨ ਜੰਗਬੀਰ ਸਿੰਘ ਰਾਏਪੁਰ ਕਲਾਂ, ਗੁਰਮਖ ਸਿੰਘ ਢਪੱਈਆ, ਆਪ ਆਗੂ ਮੇਜਰ ਸਿੰਘ, ਹਰਮੀਤ ਸਿੰਘ ਫ਼ੌਜੀ, ਕੰਵਲ ਸਿੰਘ ਢਪੱਈਆ, ਦਵਿੰਦਰ ਸਿੰਘ ਢਪੱਈਆ, ਕਾਲਾ ਵੱਲਾ, ਹਰਪ੍ਰੀਤ ਸਿੰਘ ਮੀਟਰ ਰੀਡਰ, ਇੰਜੀਨੀਅਰ ਬਲਜੀਤ ਸਿੰਘ ਜੰਮੂ, ਰਵੀ ਛਾਪਾ ਆਦਿ ਨੇ ਬਲਦੇਵ ਸਿੰਘ ਛਾਪਾ ਵਧਾਈਆਂ ਦਿੱਤੀਆਂ ਸਨਮਾਨਿਤ ਵੀ ਕੀਤਾ।

# ਕਣਕ ਦੀ ਨਿਰਵਿਘਨ ਖ਼ਰੀਦ ਸ਼ੁਰੂ : ਹਰਵਿੰਦਰ ਸਿੰਘ ਸਕੱਤਰ ਮਾਰਕੀਟ ਕਮੇਟੀ



**ਖਡੂਰ ਸਾਹਿਬ/ਜੱਜ ਕੰਡਾ**

ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਹੁਕਮਾਂ ਅਨੁਸਾਰ ਕਣਕ ਦੀ ਖਰੀਦ ਇਕ ਅਪ੍ਰੈਲ ਤੋਂ ਸ਼ੁਰੂ ਕੀਤੀ ਜਾ ਰਹੀ ਹੈ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਹਰਬਰਿੰਦਰ ਸਿੰਘ ਸਕੱਤਰ ਮਾਰਕੀਟ ਕਮੇਟੀ ਖਡੂਰ ਸਾਹਿਬ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੋ ਕਿ ਇੱਕ ਅਪ੍ਰੈਲ ਤੋਂ ਕਣਕ ਦੀ ਖਰੀਦ ਸ਼ੁਰੂ ਕਰ ਦਿੱਤੀ ਗਈ ਹੈ ਮਾਰਕੀਟ ਕਮੇਟੀ ਖਡੂਰ ਸਾਹਿਬ ਦੇ ਅੰਦਰ ਆਉਂਦੀਆਂ ਮੰਡੀਆਂ ਦੇ ਵਿੱਚ ਪੁਖ਼ਤਾ ਇੰਤਜ਼ਾਮ ਕਰ ਦਿੱਤੇ ਗਏ ਹਨ ਜਿਵੇਂ ਠੰਡਾ ਤੇ ਸਾਫ਼ ਪਾਣੀ ਬਿਜਲੀ ਦਾ ਪ੍ਰਬੰਧ ਅਤੇ ਹੋਰ ਵੀ ਜ਼ਰੂਰੀ ਵਸਤਾਂ ਦੀ ਕਿਸੇ ਵੀ ਤਰ੍ਹਾਂ ਦੀ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ ਉਨ੍ਹਾਂ ਦੱਸਿਆ ਕਿ ਮੁਕੰਮਲ ਖ਼ਰੀਦ ਹੋਣ ਤੇ ਕਿਸਾਨਾਂ ਨੂੰ ਡਿਜੀਟਲ ਜੇ ਫਾਰਮ ਉਸੇ ਵੇਲੇ ਜਾਰੀ ਕਰ ਦਿੱਤੇ ਜਾਣਗੇ ਅਤੇ ਕਿਸਾਨਾਂ ਦੇ ਵ੍ਹੱਟਸਐਪ ਨੰਬਰ ਤੇ ਭੇਜ ਦਿੱਤੇ ਜਾਣਗੇ ਅਤੇ ਕਿਸਾਨਾਂ ਨੂੰ ਮੰਡੀ ਵਿੱਚ ਕਿਸੇ ਵੀ ਕਿਸਮ ਦੀ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ।

# ਨਵਾਂਸ਼ਹਿਰ 'ਚ ਕੋਵਿਡ-19 ਕਰਨ ਫੌਤ ਹੋਏ 331 ਵਿਅਕਤੀਆਂ ਦੇ ਪਰਿਵਾਰਾਂ ਨੂੰ 50000 ਰੁਪਏ ਦੀ ਵਿੱਤੀ ਮਦਦ ਮਿਲੀ-ਵਿਸ਼ੇਸ਼ ਸਾਰੰਗਲ



ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਸ਼ੁੱਕਰਵਾਰ ਨੂੰ ਦੱਸਿਆ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਵਿੱਚ ਕੋਵਿਡ-19 ਕਾਰਨ ਫ਼ੌਤ ਹੋਏ ਵਿਅਕਤੀਆਂ ਦੇ 331 ਪਰਿਵਾਰਾਂ ਨੂੰ 50,000 ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦਾ ਲਾਭ ਦਿੱਤਾ ਗਿਆ ਹੈ।ਅੱਜ ਜ਼ਿਲ੍ਹਾ ਆਫ਼ਤ ਪ੍ਰਬੰਧਨ ਕਮੇਟੀ (ਡੀ ਡੀ ਐਮ ਸੀ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕੋਵਿਡ-19 ਪੀੜਤਾਂ ਦੇ 331 ਪਰਿਵਾਰਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਕੋਵਿਡ-19 ਕਾਰਨ ਮਰਨ ਵਾਲੇ ਲੋਕਾਂ ਦੇ ਪਰਿਵਾਰਾਂ ਨੂੰ 50,000 ਰੁਪਏ ਐਕਸਗ੍ਰੇਸ਼ੀਆ ਦੇਣ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਦਾਅਵੇਦਾਰਾਂ ਨੇ ਆਪਣੀ ਅਰਜ਼ੀ ਨਿਰਧਾਰਿਤ ਫਾਰਮ ਰਾਹੀਂ ਐਸ.ਡੀ.ਐਮਜ਼ ਨੂੰ ਦਸਤਾਵੇਜ਼ਾਂ ਸਮੇਤ ਜਮ੍ਹਾਂ ਕਰਵਾਈ ਸੀ, ਜਿਸ ਵਿੱਚ ਮੌਤ ਦੇ ਕਾਰਨਾਂ ਨੂੰ ਪ੍ਰਮਾਣਿਤ ਕਰਨ ਵਾਲਾ ਮੌਤ ਦਾ ਸਰਟੀਫਿਕੇਟ, ਦਾਅਵੇਦਾਰ ਦਾ ਪਛਾਣ ਦਾ ਸਬੂਤ, ਮ੍ਰਿਤਕ ਅਤੇ ਦਾਅਵੇਦਾਰ ਵਿਚਕਾਰ ਰਿਸ਼ਤੇ ਦਾ ਸਬੂਤ, ਲੈਬਾਰਟਰੀ ਜਾਂਚ ਦੀ ਰਿਪੋਰਟ, ਕੋਵਿਡ-19 ਲਈ ਸਕਾਰਾਤਮਕ (ਪਾਜ਼ੇਟਿਵ ਰਿਪੋਰਟ) (ਅਸਲ ਜਾਂ ਪ੍ਰਮਾਣਿਤ ਕਾਪੀ), ਹਸਪਤਾਲ ਦੁਆਰਾ ਮੌਤ ਦਾ ਸੰਖੇਪ ਸਾਰ ਜਿੱਥੇ ਮੌਤ ਹੋਈ ਹੈ (ਹਸਪਤਾਲ ਵਿੱਚ ਮੌਤ ਹੋਣ ਦੀ ਸਥਿਤੀ ਵਿੱਚ), ਮੌਤ ਸਰਟੀਫਿਕੇਟ ਦੀ ਅਸਲ ਕਾਪੀ ਅਤੇ ਕਾਨੂੰਨੀ ਵਾਰਸਾਂ ਦਾ ਸਰਟੀਫਿਕੇਟ, ਆਦਿ ਸ਼ਾਮਿਲ ਹਨ।ਸ੍ਰੀ ਸਾਰੰਗਲ ਨੇ ਅੱਗੇ ਕਿਹਾ ਕਿ ਦਸਤਾਵੇਜ਼ਾਂ ਦੀ ਡੂੰਘਾਈ ਨਾਲ ਜਾਂਚ ਅਤੇ ਫੀਲਡ ਪੱਧਰੀ ਤਸਦੀਕ ਤੋਂ ਬਾਅਦ ਰਾਸ਼ੀ ਦਾ ਭੁਗਤਾਨ ਕੀਤਾ ਗਿਆ।ਮੀਟਿੰਗ ਦੌਰਾਨ ਜ਼ਿਲ੍ਹਾ ਆਫ਼ਤ ਪ੍ਰਬੰਧਨ ਕਮੇਟੀ ਨਾਲ ਸਬੰਧਤ ਹੋਰ ਮੱਦਾਂ ਵੀ ਵਿਚਾਰੀਆਂ ਗਈਆਂ ਅਤੇ ਉਨ੍ਹਾਂ ਨੂੰ ਪ੍ਰਵਾਨਗੀ ਦਿੱਤੀ ਗਈ। ਇਸ ਮੌਕੇ ਏ ਡੀ ਸੀਜ਼ ਜਸਬੀਰ ਸਿੰਘ, ਅਮਰਦੀਪ ਸਿੰਘ ਬੈਂਸ, ਅਮਿਤ ਸਰੀਨ, ਐਸ ਡੀ ਐਮਜ਼ ਡਾ: ਬਲਜਿੰਦਰ ਸਿੰਘ ਢਿੱਲੋਂ, ਨਵਨੀਤ ਕੌਰ, ਦੀਪਕ ਰੋਹੀਲਾ, ਡੀ ਆਰ ਓ ਅਜੀਤਪਾਲ ਸਿੰਘ ਆਦਿ ਹਾਜ਼ਰ ਸਨ।

# ਸੈਂਟ ਸੋਲਜ਼ਰ ਸਕੂਲ ਜੰਡਿਆਲਾ ਗੁਰੂ ਦੀ ਪ੍ਰਿੰਸੀਪਲ ਅਮਰਪ੍ਰੀਤ ਕੌਰ ਸਨਮਾਨਿਤ



**ਸਮਾਰੋਹ ਦੌਰਾਨ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਨੂੰ ਵਿਦਿਆ ਅਤੇ ਖੇਡਾਂ ਦੇ ਖ਼ੇਤਰ ਨੂੰ ਪ੍ਰਫੁਲਤ ਕਰਨ ਅਤੇ ਵੱਡਮੁਲਾ ਯੋਗਦਾਨ ਪਾਉਣ ਸਦਕਾ ਸਨਮਾਨਿਤ ਕੀਤਾ**

**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਜ਼ਿਲ੍ਹੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾਂ ਮਾਣ ਧੀਆਂ @ਤੇ ਸਮਾਜ ਭਲਾਈ ਸੋਸਾਇਟੀ (ਰਜਿ.) ਅੰਮ੍ਰਿਤਸਰ ਵੱਲੋਂ ਅੱਜ ਸੈਂਟ ਸੋਲਜ਼ਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖ਼ੇ ਇੱਕ ਸਾਦੇ ਅਤੇ ਪ੍ਰਭਾਵਸ਼ਾਲੀ ਸਨਮਾਨ ਸਮਾਰੋਹ ਦੌਰਾਨ ਪ੍ਰਿੰਸੀਪਲ ਅਮਰਪ੍ਰੀਤ ਕੌਰ ਜੀ ਨੂੰ ਵਿਦਿਆ ਅਤੇ ਖੇਡਾਂ ਦੇ ਖ਼ੇਤਰ ਨੂੰ ਪ੍ਰਫੁਲਤ ਕਰਨ ਅਤੇ ਵੱਡਮੁਲਾ ਯੋਗਦਾਨ ਪਾਉਣ ਸਦਕਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ (ਇੰਡੀਆ ਬੁੱਕ ਰਿਕਾਰਡਜ਼ ਹੋਲਡਰ) ਅਤੇ ਸਮੁੱਚੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਮਿਲਣਾ ਮੈਨੂੰ ਮੇਰੀਆਂ ਜ਼ੁੰਮੇਵਾਰੀਆਂ ਅਤੇ ਮੇਰੀ ਮਿਹਨਤ ਦਾ ਨਤੀਜਾ ਹੈ। ਇਸ ਮੌਕੇ ਪ੍ਰਧਾਨ ਗੁਰਿੰਦਰ ਸਿੰਘ ਮੱਟੂ, ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸਨਪੁਰੀ, ਅਮਨਦੀਪ ਸਿੰਘ, ਕੰਵਲਜੀਤ ਸਿੰਘ, ਬਲਜਿੰਦਰ ਸਿੰਘ ਮੱਟੂ, ਸ. ਜਸਬੀਰ ਸਿੰਘ, ਸ. ਜਤਿੰਦਰ ਸਿੰਘ, ਸ. ਸੁਖਜਿੰਦਰ ਸਿੰਘ, ਸ. ਕੁਲਦੀਪ ਸਿੰਘ ਹਾਜ਼ਿਰ ਸਨ॥

# ਸਰਬਸੰਮਤੀ ਨਾਲ ਬਣਾਇਆ ਗਿਆ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਨੂੰ ਨੈਸ਼ਨਲ ਯੂਥ ਕਲੱਬ ਫ਼ਰੀਦਕੋਟ ਦਾ ਪ੍ਰਧਾਨ



**ਫਰੀਦਕੋਟ/ਜਸਵਿੰਦਰ ਸਿੰਘ ਬਰਾੜ ਸਾਧਾਵਾਲਾ**

ਨੈਸ਼ਨਲ ਯੂਥ ਕਲੱਬ ਫ਼ਰੀਦਕੋਟ ਦੇ ਸਮੂਹ ਮੈਂਬਰਾਂ ਅਤੇ ਅਹੁਦੇਦਾਰਾਂ ਵੱਲੋਂ ਡਾਕਟਰ ਬਲਜੀਤ ਸ਼ਰਮਾ ਨੂੰ ਕਲੱਬ ਪ੍ਰਤੀ ਵਧੀਆ ਸੇਵਾਵਾਂ ਨਿਭਾਉਣ ਤੇ ਸਰਬਸੰਮਤੀ ਨਾਲ ਦੂਜੀ ਵਾਰ ਨੈਸ਼ਨਲ ਯੂਥ ਕਲੱਬ ਫ਼ਰੀਦਕੋਟ ਦਾ ਪ੍ਰਧਾਨ ਚੁਣ ਲਿਆ ਗਿਆ ਹੈ ਇਸ ਸਮੇਂ ਡਾਕਟਰ ਬਲਜੀਤ ਸ਼ਰਮਾ ਜੀ ਨੇ ਯੂਥ ਕਲੱਬ ਦੇ ਸਾਰੇ ਆਹੁਦੇਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਨੂੰ ਬਹੁਤ ਹੀ ਬਹੁਤ ਹੀ ਖ਼ੁਸ਼ੀ ਹੈ ਕਿ ਸਮੁੱਚੇ ਕਲੱਬ ਪਰਿਵਾਰ ਨੇ ਮੇਰੀ ਅਗਵਾਈ ਹੇਠ ਆਮ ਜਨਤਾ ਦੀ ਸੇਵਾ ਅਤੇ ਹੋਰ ਸਮਾਜ ਭਲਾਈ ਦੇ ਕੰਮ ਕਰਨ ਜਾਰੀ ਰੱਖਣ ਦਾ ਤਹੀਈਆ ਕੀਤਾ ਹੈ। ਇਸ ਸਮੇਂ ਡਾਕਟਰ ਬਲਜੀਤ ਸ਼ਰਮਾ ਜੀ ਨੇ ਸਾਡੇ ਪੱਤਰਕਾਰ ਅੰਗਰੇਜ਼ ਸਿੰਘ ਬਰਾੜ ਨਾਲ਼ ਗੱਲ ਬਾਤ ਕਰਦਿਆਂ ਦੱਸਿਆ ਕਿ ਮੇਰੀ ਅੱਗੇ ਆਉਣ ਵਾਲੇ ਸਮੇਂ ਵਿੱਚ ਵੀ ਇਹੋ ਕੋਸ਼ਿਸ਼ ਹੋਵੇਗੀ ਕਿ ਸਾਡਾ ਕਲੱਬ ਬਿਨਾਂ ਕਿਸੇ ਭੇਦ-ਭਾਵ ਤੋਂ ਆਮ ਜਨਤਾ ਦੀ ਸੇਵਾ ਲਈ ਤੱਤਪਰ ਅਤੇ ਹਾਜ਼ਰ ਹੋ ਕੇ ਸੇਵਾ ਕਰਦਾ ਰਹੇਗਾ। ਇਸ ਸਮੇਂ ਉਨ੍ਹਾਂ ਦੇ ਨਾਲ ਪ੍ਰਿੰਸੀਪਲ ਸੁਰੇਸ਼ ਅਰੋੜਾ, ਦਵਿੰਦਰ ਸਿੰਘ ਪੰਜਾਬ ਮੋਟਰਜ਼, ਨਰਾਇਣ ਦਾਸ ਕਾਲੀ, ਡਾਕਟਰ ਸੰਜੀਵ ਸੇਠੀ, ਕੁਲਵਿੰਦਰ ਸਿੰਘ ਗੋਰਾ, ਰਾਜਿੰਦਰ ਬਾਂਸਲ ਆੜ੍ਹੀ, ਅਜੈਪਾਲ ਸ਼ਰਮਾ, ਸੁਸ਼ੀਲ ਕੌਂਸਲ, ਰਾਜਿੰਦਰ ਦਾਸ ਰਿੰਕੂ, ਬਰਜਿੰਦਰ ਸਿੰਘ ਸੇਠੀ, ਰਮੇਸ ਰਿਹਾਨ, ਵਿਨੋਦ ਬਜਾਜ, ਗੁਰਪ੍ਰੀਤ ਸਿੰਘ ਰਾਜਾ, ਜਸਪ੍ਰੀਤ ਜੱਸ,ਅਜੇ ਸੋਨੂੰ ਜੈਨ, ਰਾਜੇਸ਼ ਕੁਮਾਰ ਰਾਜੂ, ਰਾਕੇਸ਼ ਮਿੱਤਲ, ਰਾਜੇਸ਼ ਸੁਖੀਜਾ, ਵਿਕਾਸ ਮਿੱਤਲ, ਨਵਦੀਪ ਗਰਗ, ਅਤੇ ਗੁਰਜੀਤ ਸਿੰਘ ਸੇਠੀ ਆਦਿ ਹਾਜ਼ਰ ਸਨ।

# ਜਦੋਂ ਰਾਏਕੋਟ 'ਚ ਡੇਰਾ ਪ੍ਰੇਮੀ ਦੀ ਹੋਰਨਾਂ ਸੰਸਥਾ ਨੇ ਕੀਤੀ ਮਦਦ

## ਆਪਣਿਆਂ ਨੇ ਵਿਸਾਰਿਆ ਤੇ ਹੋਰਨਾ ਨੇ ਗਲ ਲਾਇਆ

**ਰਾਏਕੋਟ/ਗੋਗੀ**

ਇੱਕ ਪਾਸੇ ਡੇਰਾ ਸੱਚਾ ਸੌਦਾ ਸਿਰਸਾ ਲੋਕਾਂ ਦੀ ਮਦਦ ਕਰਨ ਦੀਆਂ ਵੱਡੀਆਂ ਵੱਡੀਆਂ ਗੱਲਾਂ ਕਰਦਾ ਨਹੀ ਥੱਕਦਾ ਤੇ ਇਹਨਾਂ ਵੱਡੀਆਂ ਗੱਲਾਂ ਦੀ ਫੂਕ ਉਸ ਸਮੇਂ ਨਿੱਕਲਦੀ ਹੈ ਜਦੋਂ ਰਾਏਕੋਟ@ ਚ ਇੱਕ ਪ੍ਰੇਮੀ ਪਰਿਵਾਰ ਦਾ ਮਕਾਨ ਕੁਦਰਤੀ ਆਫਤ ਨਾਲ ਡਿੱਗ ਜਾਂਦਾ ਹੈ ਤੇ ਉਸਦੀ ਮਦਦ ਹੋਰਨਾਂ ਸੰਸਥਾਵਾਂ ਵਾਲੇ ਕਰਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੇਰਾ ਪ੍ਰੇਮੀ ਬੱਬੂ ਇੰਸ਼ਾਂ ਨੇ ਦੱਸਿਆ ਕਿ ਮੈਂ ਤੇ ਸਾਡਾ ਪਰਿਵਾਰ ਲੰਮੇ ਅਰਸੇ ਤੋਂ ਡੇਰੇ ਨਾਲ ਜੁੜਿਆ ਹੋਇਆ ਹੈ ਮੈਂ ਕਿਸੇ ਡੇਰਾ ਪ੍ਰੇਮੀ ਜਾਂ ਡੇਰਾ ਕਮੇਟੀ ਤੇ ਦੋਸ਼ ਨਹੀਂ ਲਗਾ ਰਿਹਾ ਬਲਕਿ ਖੁਦ ਨਾਲ ਬੀਤੀ ਦੱਸ ਰਿਹਾ ਹਾਂ ਕਿ ਪਿਛਲੇ ਕੁਝ ਸਮੇਂ ਦੌਰਾਨ ਉਸਦਾ ਮਕਾਨ ਕੁਦਰਤੀ ਆਫਤ ਨਾਲ ਡਿੱਗ ਗਿਆ ਸੀ ਤੇ ਉਹ ਕਬਾੜ ਦਾ ਕੰਮ ਕਰਕੇ ਰੋਟੀ ਟੁੱਕ ਚਲਾਉਂਦਾ ਹੈ ਤੇ ਮੇਰੇ ਕੋਲ ਪੈਸੇ ਨਾ ਹੋਣ ਕਰਕੇ ਮੈਂ ਇਹ ਸੋਚਕੇ ਕਿ ਡੇਰਾ ਸੱਚਾ ਸੌਦਾ ਸਿਰਸਾ ਹੋਰਨਾਂ ਦੀ ਵੀ ਮਦਦ ਕਰਦਾ ਹੈ ਤੇ ਮੇਰੀ ਵੀ ਕਰ ਦੇਣਗੇ ਤੇ ਮੈਂ ਬਲਾਕ ਦੀ ਕਮੇਟੀ ਕੋਲ ਬੇਨਤੀ ਕੀਤੀ ਤੇ ਉਸਤੋਂ ਬਾਅਦ ਤਾਂ ਬੱਸ ਬੇਨਤੀਆਂ ਦਾਂ ਤਾਂਤਾ ਹੀ ਲੱਗ ਗਿਆ ਤੇ ਮੈਂ ਹੈਰਾਨ ਹੋਇਆ ਕਿ ਵੱਡੀਆਂ ਵੱਡੀਆਂ ਮਦਦ ਦੀਆਂ ਗੱਲਾਂ ਕਰਨ ਵਾਲੇ ਡੇਰੇ ਦੇ ਲੋਕ ਸਾਡੀ ਮਦਦ ਦੇ ਸਮੇਂ ਕੋਈ ਰਾਹ ਨਹੀਂ ਪਾ ਰਹੇ ਤੇ ਥੱਕ ਹਾਰਕੇ ਮੇਰੀ ਹੋਰ ਸੰਸਥਾ ਨੇ ਮਦਦ ਕੀਤੀ ਤੇ ਉਸਨੇ ਕਿਹਾ ਕਿ ਜੇਕਰ ਡੇਰਾ ਪ੍ਰੇਮੀ ਤਕੜਿਆਂ ਲੋਕਾਂ ਦੀਆਂ ਸੁਣਕੇ ਜਾਂ ਤਕੜੇ ਡੇਰਾ ਪ੍ਰੇਮੀਆਂ ਦੇ ਕਹਿਣ ਤੇ ਹੀ ਬਾਹਰੀ ਬੰਦਿਆਂ ਦੇ ਮਕਾਨ ਬਣਵਾਕੇ ਸਮਾਜ @ਚ ਸੇਵਾ ਦੇ ਨਾਮ ਤੇ ਵਾਹ ਵਾਹ ਖੱਟਦੇ ਹਨ ਤਾਂ ਇਹ ਕਿਸੇ ਕੰਮ ਦੀ ਨਹੀਂ ਹੁੰਦੀ ਕਿਉਂਕਿ ਜਦੋਂ ਆਪਣੇ ਹੀ ਡੇਰਾ ਪ੍ਰੇਮੀ ਦੀ ਮਦਦ ਨਹੀਂ ਕੀਤੀ ਜਾ ਸਕਦੀ ਤਾਂ ਹੋਰਨਾਂ ਸੇਵਾ ਵੀ ਫਜ਼ੂਲ ਹੀ ਹੁੰਦੀ ਹੈ। ਉਸਨੇ ਕਿਹਾ ਕਿ ਡੇਰੇ ਵਾਲਿਆਂ ਨੇ ਰਾਏਕੋਟ@ ਚ ਜੋ ਵੀ ਮਦਦ ਦੇ ਨਾਮ ਤੇ ਲੋਕਾਂ ਦੇ ਘਰ ਬਣਾਕੇ ਦਿੱਤੇ ਹਨ ਕੀ ਉਹ ਸਾਰੇ ਹੀ ਡੇਰੇ ਨਾਲ ਜੁੜੇ ਸਨ ਜਾਂ ਹੁਣ ਜੁੜ ਚੁੱਕੇ ਹਨ ਤੇ ਇਲਾਕੇ@ ਚ ਇਸ ਗੱਲ ਦੀ ਚਰਚਾ ਵੀ ਜੋਰਾਂ ਤੇ ਹੈ। ਇਸੇ ਤਰ੍ਹਾਂ ਪਹਿਲਾਂ ਵੀ ਕੁਝ ਸਾਲ ਪਹਿਲਾਂ ਕਿਸੇ ਡੇਰਾ ਪ੍ਰੇਮੀ ਦਾ ਪਿਤਾ ਲੁਧਿਆਣਾ ਡੀਐੱਮਸੀ @ ਚ ਦਾਖਲ ਸੀ ਤਾਂ ਉਸ ਪ੍ਰੇਮੀ ਨੇ ਵੀ ਡੇਰੇ ਤੱਕ ਮਦਦ ਦੀ ਗੁਹਾਰ ਲਗਾਈ ਸੀ ਪਰ ਅਫਸੋਸ ਕਿ ਸੇਵਾ ਦੇ ਨਾਮ ਤੇ ਵੱਡੇ ਵੱਡੇ ਕਰਦੇ ਡੇਰੇ ਵਾਲਿਆਂ ਦੇ ਦਾਅਵਿਆਂ ਦੀ ਫੂਕ ਵੀ ਉਸ ਸਮੇਂ ਨਿੱਕਲੀ ਸੀ ਜਦੋਂ ਉਸ ਡੇਰਾ ਪ੍ਰੇਮੀ ਦੀ ਵੀ ਮਦਦ ਹੋਰਨਾਂ ਲੋਕਾਂ ਨੇ ਕੀਤੀ ਸੀ। ਉਸ ਨੌਜਵਾਨ ਨੇ ਵੀ ਕਿਹਾ ਕਿ ਡੇਰੇ ਦੇ ਜਿੰਮੇਵਾਰ ਸਿਰਫ ਆਪਣੀਆਂ ਨਾਮ ਚਰਚਾਵਾਂ ਵਿੱਚ ਸੇਵਾ ਦੇ ਨਾਮ ਤੇ ਪੈਸੇ ਹੀ ਲੈਣ ਆਉਂਦੇ ਹਨ ਪਰ ਜੇਕਰ ਮਦਦ ਦੀ ਗੱਲ ਕਰ ਦਿਓ ਤਾਂ ਲਾਰਾ ਹੀ ਲਾਉਂਦੇ ਹਨ। ਇਸ ਦੌਰਾਨ ਜਦੋਂ ਸਿਰਸਾ ਡੇਰੇ ਦੇ ਜਿੰਮੇਵਾਰ ਤੇ ਡੇਰੇ ਦੇ ਐੱਡਮ ਬਲਾਕ ਦਾ ਨੰਬਰ ਮਿਲਾਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ ਸੰਪਰਕ ਨਹੀ ਹੋ ਸਕਿਆ।




# ਸ੍ਰੀ ਹਰਜੀਤ ਸਿੰਘ (ਆਈ.ਪੀ.ਐਸ) ਨੇ ਐਸ.ਐਸ.ਪੀ ਗੁਰਦਾਸਪੁਰ ਦਾ ਅਹੁੱਦਾ ਸੰਭਾਲਿਆ



**ਗੁਰਦਾਸਪੁਰ/ਨਵਨੀਤ ਕੁਮਾਰ**

ਸ੍ਰੀ ਹਰਜੀਤ ਸਿੰਘ ਆਈ.ਪੀ.ਐਸ (2010) ਵਲੋਂ ਅੱਜ ਐਸ.ਐਸ.ਪੀ ਗੁਰਦਾਸਪੁਰ ਦਾ ਅਹੁੱਦਾ ਸੰਭਾਲ ਲਿਆ ਗਿਆ ਹੈ। ਐਸ.ਐਸ.ਪੀ ਦਾ ਅਹੁੱਦਾ ਸੰਭਾਲਣ ਤੋਂ ਪਹਿਲਾਂ ਸ੍ਰੀ ਹਰਜੀਤ ਸਿੰਘ, ਐਸ.ਏ.ਐਸ (ਮੁਹਾਲੀ) ਵਿਖੇ ਐਸ.ਐਸ.ਪੀ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਦੱਸਣਯੋਗ ਹੈ ਕਿ ਇਨਾਂ ਤੋਂ ਪਹਿਲਾਂ ਡਾ. ਨਾਨਕ ਸਿੰਘ ਆਈ.ਪੀ.ਐਸ, ਜ਼ਿਲ੍ਹਾ ਗੁਰਦਾਸਪੁਰ ਵਿਖੇ ਐਸ.ਐਸ.ਪੀ ਵਜੋਂ ਸੇਵਾਵਾਂ ਨਿਭਾ ਰਹੇ ਸਨ ਅਤੇ ਹੁਣ ਉਹ ਗੁਰਦਾਸਪੁਰ ਤੋਂ ਬਦਲ ਕੇ ਪਟਿਆਲਾ ਦੇ ਐਸ.ਐਸ.ਪੀ ਵਜੋਂ ਵਜੋਂ ਤਾਇਨਾਤ ਹੋਏ ਹਨ।

2010 ਬੈਚ ਦੇ ਆਈ.ਪੀ.ਐਸ, ਸ੍ਰੀ ਹਰਜੀਤ ਸਿੰਘ, ਐਸ.ਐਸ.ਪੀ ਮਹਾਲੀ ਤੋਂ ਇਲਾਵਾ ਵੱਖ-ਵੱਖ ਉੱਚ ਅਹੁਦਆਂ 'ਤੇ ਸੇਵਾਵਾਂ ਨਿਭਾ ਚੁੱਕੇ ਹਨ। ਐਸ.ਐਸ.ਪੀ ਗੁਰਦਾਸਪੁਰ ਦਾ ਅਹੁਦਾ ਸੰਭਾਲਣ ਉਪਰੰਤ ਗੈਰ ਰਸਮੀ ਗੱਲਬਾਤ ਕਰਦਿਆਂ ਐਸ.ਐਸ.ਪੀ ਹਰਜੀਤ ਸਿੰਘ ਆਈ.ਪੀ.ਐਸ ਨੇ ਕਿਹਾ ਕਿ ਜ਼ਿਲ੍ਹਾ ਵਾਸੀਆਂ ਦੀਆਂ ਸਮੱਸਿਆਵਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਕੀਤੀਆਂ ਜਾਣਗੀਆਂ ਤੇ ਹਰੇਕ ਨਾਗਰਿਕ ਦਾ ਉਨਾਂ ਦੇ ਦਫ਼ਤਰ ਵਿਚ ਪੂਰਾ ਮਾਣ ਸਤਿਕਾਰ ਕੀਤਾ ਜਾਵੇਗਾ।

ਉਨਾਂ ਅੱਗੇ ਕਿਹਾ ਕਿ ਲੋਕਾਂ ਨੂੰ ਨਿਆਂ ਦਿਵਾਉਣਾ ਪੁਲਿਸ ਪ੍ਰਸ਼ਾਸਨ ਦੀ ਪਹਿਲ ਹੋਵੇਗੀ ਅਤੇ ਥਾਣਿਆਂ, ਪੁਲਿਸ ਚੌਂਕੀਆਂ ਅਤੇ ਪੁਲਿਸ ਵਿਭਾਗ ਦੇ ਦਫਤਰਾਂ ਵਿਚ ਲੋਕਾਂ ਦੀ ਹਰ ਮੁਸ਼ਕਿਲ ਹੱਲ ਕਰਨੀ ਉਨਾਂ ਦੀ ਪ੍ਰਾਥਮਿਕਤਾ ਹੋਵੇਗੀ। ਉਨਾਂ ਅੱਗੇ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਨਕੇਲ ਹੋਰ ਕੱਸੀ ਜਾਵੇਗੀ ਅਤੇ ਜ਼ਿਲ੍ਹੇ ਅੰਦਰ ਅਮਨ, ਸ਼ਾਂਤੀ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਪੁਲਿਸ ਪ੍ਰਸ਼ਾਸਨ ਦੀ ਪ੍ਰਮੁੱਖਤਾ ਹੋਵੇਗੀ।

ਅਹੁੱਦਾ ਸੰਭਾਲਣ ਉਪੰਰਤ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਐਸ.ਐਸ.ਪੀ ਗੁਰਦਾਸਪੁਰ ਨੇ ਅਧਿਕਾਰੀਆਂ ਨੂੰ ਇਕ ਟੀਮ ਵਜੋਂ ਜਿਲੇ ਅੰਦਰ ਸੇਵਾਵਾਂ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ। ਇਸ ਮੌਕੇ ਗੁਰਮੀਤ ਸਿੰਘ ਐਸ.ਪੀ (ਹੈੱਡਕੁਆਟਰ) ਗੁਰਦਾਸਪੁਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

ਇਸ ਤੋਂ ਪਹਿਲਾਂ ਸ੍ਰੀ ਹਰਜੀਤ ਸਿੰਘ ਆਈ.ਪੀ.ਐਸ ਦਾ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦਫਤਰ ਗੁਰਦਾਸਪੁਰ ਵਿਖੇ ਪੁਹੰਚਣ ਤੇ ਪੁਲਿਸ ਅਧਿਕਾਰੀਆਂ ਵਲੋਂ ਸ਼ਾਨਦਾਰ ਸਵਾਗਤ ਕੀਤਾ ਗਿਆ।

# ਭਾਰਤ ਵਿਕਾਸ ਪਰਿਸ਼ਦ ਨੇ ਲਗਾਇਆ ਮੁਫਤ ਸ਼ੂਗਰ ਚੈਕ ਅੱਪ ਕੈਂਪ




ਭਾਰਤ ਵਿਕਾਸ ਪਰਿਸ਼ਦ ਸ਼ਾਖਾ ਬੰਗਾ ਨੇ ਆਪਣਾ ÷ਪਰਮਾਨੈਂਟ ਪ੍ਰੋਜੈਕਟ÷ ਮੁਫਤ ਸ਼ੂਗਰ ਚੈੱਕ ਅੱਪ ਕੈਂਪ ਮੁਕੰਦਪੁਰ ਰੋਡ ਤੇ ਸਥਿਤ ਰਾਣਾ ਲੈਬ ਵਿਖੇ ਲਗਾਇਆ । ਇਸ ਕੈਂਪ ਦਾ ਉਦਘਾਟਨ ਪਰਿਸ਼ਦ ਦੇ ਚੇਅਰਮੈਨ ਡਾ ਬਲਵੀਰ ਸ਼ਰਮਾਂ ਨੇ ਕੀਤਾ । ਇਸ ਕੈਂਪ ਵਿੱਚ 100 ਤੋਂ ਵੱਧ ਮਰੀਜ਼ਾਂ ਦੀ ਸ਼ੂਗਰ ਚੈੱਕ ਕੀਤੀ ਗਈ । ਕੈਂਪ ਦੇ ਪ੍ਰੋਜੈਕਟ ਇੰਚਾਰਜ ਕੁਲਦੀਪ ਸਿੰਘ ਰਾਣਾ ਦੀ ਟੀਮ ਨੇ ਮਰੀਜ਼ਾਂ ਦੇ ਖ਼ੂਨ ਦੀ ਜਾਂਚ ਕੀਤੀ। ਇਸ ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਪ੍ਰਧਾਨ ਨਵਕਾਂਤ ਭਰੋਮਜਾਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੋਜੈਕਟ ਮਹੀਨੇ ਦੀ ਹਰ ਪਹਿਲੀ ਤਰੀਕ ਨੂੰ ਲਗਾਇਆ ਜਾਂਦਾ ਹੈ । ਇਸ ਮੌਕੇ ਉਨ੍ਹਾਂ ਆਏ ਮਰੀਜ਼ਾਂ ਨੂੰ ਸ਼ੂਗਰ ਤੋਂ ਬਚਣ ਲਈ ਸਾਵਧਾਨੀਆਂ ਦੱਸੀਆਂ ਅਤੇ ਕਿਹਾ ਕਿ ਸ਼ੂਗਰ ਇੱਕ ਜਾਨਲੇਵਾ ਬਿਮਾਰੀ ਹੈ। ਜੋ ਇਨਸਾਨ ਨੂੰ ਹੌਲੀ ਹੌਲੀ ਅੰਦਰੋਂ ਖੋਖਲਾ ਕਰ ਦਿੰਦੀ ਹੈ । ਇਸ ਕਰਕੇ ਸ਼ੂਗਰ ਦੀ ਸਮੇਂ ਸਮੇਂ ਤੇ ਜਾਂਚ ਕਰਕੇ ਇਸ ਬਿਮਾਰੀ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਧਾਨ ਨਵਕਾਂਤ ਭਰੋਮਜਾਰਾ , ਸਕੱਤਰ ਕੁਲਦੀਪ ਸਿੰਘ ਰਾਣਾ , ਜਗਦੀਪ ਕੌਸ਼ਲ ਸੀਨੀਅਰ ਮੀਤ ਪ੍ਰਧਾਨ , ਮੁੱਖ ਸਲਾਹਕਾਰ ਯਸ਼ਪਾਲ ਖੁਰਾਣਾ , ਚੇਅਰਮੈਨ ਡਾ ਬਲਵੀਰ ਸ਼ਰਮਾਂ , ਕੁਲਦੀਪ ਸਿੰਘ ਸੋਗੀ , ਅਨੀਤਾ ਰਾਣੀ ਆਦਿ ਵੀ ਹਾਜਰ ਸਨ ।

# ਪੇਂਡੂ ਬੇਰੁਜਗਾਰ ਨੌਜਵਾਨ ਜੋ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ ਕਰਨ ਦੇ ਚਾਹਵਾਨ ਹਨ 4 ਅਪ੍ਰੈਲ ਤੱਕ ਫਾਰਮ ਅਪਲਾਈ ਕਰਨ

**ਗੁਰਦਾਸਪੁਰ/ਨਵਨੀਤ ਕੁਮਾਰ**

ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਪੇਂਡੂ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ , ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ , ਲਈ ਡੇਅਰੀ ਸਿਖਲਾਈ ਕੋਰਸ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ , ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ , ਬਲਾਕ -ਬੀ , ਚੌਥੀ ਮੰਜਿਲ , ਕਮਰਾ ਨੂੰ 508 ਵਿਖੇ ਮਿਤੀ 4 ਅਪ੍ਰੈਲ, 2022 ਤੱਕ ਅਪਲਾਈ ਕਰ ਸਕਦੇ ਹਨ । ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਕਸ਼ਮੀਰ ਸਿੰਘ ਗੋਰਾਇਆ , ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਨਾਉਣ ਲਈ 2 ਹਫਤੇ ਦੀ ਡੇਅਰੀ ਸਿਖਲਾਈ ਕਰਵਾਈ ਜਾਣੀ ਹੈ । ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਤ ਬੇਰੁਜਗਾਰ ਨੌਜਵਾਨ ਲੜਕੇ/ਲੜਕੀਆਂ ਜੋ ਘੱਟੋ ਘੱਟ 5ਵੀਂ ਪਾਸ ਹੋਣ , ਉਮਰ 18 ਤੋਂ 50 ਸਾਲ ਦਰਮਿਆਨ ਹੋਵੇ, ਪੇਂਡੂ ਖੇਤਰ ਨਾਲ ਸਬੰਧਤ ਹੋਣ , ਗਰੰਟੀ ਅਤੇ ਹਰੇ ਚਾਰੇ ਦੀ ਬਿਜਾਈ ਵਾਸਤੇ ਜ਼ਮੀਨ ਦਾ ਪ੍ਰਬੰਧ ਹੋਵੇ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ ।

ਉਨ੍ਹਾਂ ਅੱਗੇ ਦੱਸਿਆ ਕਿ ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਤਾਂ ਨੂੰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ.ਜਾਤੀ . ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ । ਚਾਹਵਾਨ ਲੜਕੇ /ਲੜਕੀਆਂ ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ , ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ ਫੋਟੋ ਲੈ ਕੇ ਮਿਤੀ 4 ਅਪ੍ਰੈਲ, 2022 ਤੱਕ ਫਾਰਮ ਭਰਵਾ ਸਕਦੇ ਹਨ । ਵਧੇਰੇ ਜਾਣਕਾਰੀ ਲਈ ਫੋਨ ਨੰਬਰ 01874-220163 ਤੇ ਸੰਪਰਕ ਕਰੋ ।

# ਚੋਰਾਂ ਦੇ ਹੌਸਲੇ ਬੁਲੰਦ

## ਬੰਦ ਪਏ ਘਰ ਚ ਦਾਖਲ ਹੋ ਕੇ ਲੱਖਾਂ ਰੁਪਏ ਦੇ ਗਹਿਣੇ ਅਤੇ ਨਕਦੀ ਕੀਤੀ ਚੋਰੀ

**ਦੀਨਾਨਗਰ/ਡਾ.ਰਮੇਸ਼ ਸਰੰਗਲ**





ਸਥਾਨਕ ਮਗਰਾਲਾ ਰੋਡ @ਤੇ ਸਥਿਤ ਚੋਰਾਂ ਨੇ ਇਕ ਘਰ ਨੂੰ ਨਿਸ਼ਾਨਾ ਬਣਾ ਕੇ ਉਥੋਂ ਇਕ ਲੱਖ ਰੁਪਏ ਦੀ ਨਕਦੀ ਤੇ ਸੋਨੇ ਦੇ ਗਹਿਣੇ ਚੋਰੀ ਕਰ ਲਏ। ਪੀੜਤ ਉਮੇਸ਼ ਪਾਲ ਮਰਵਾਹਾ ਨੇ ਦੱਸਿਆ ਕਿ ਉਹ ਮਗਰਾਲਾ ਰੋਡ @ਤੇ ਓਹਰੀ ਨਰਸਰੀ ਦੇ ਸਾਹਮਣੇ ਉਨ੍ਹਾਂ ਦੀ ਰਿਹਾਇਸ਼ ਹੈ ਅਤੇ ਮੰਗਲਵਾਰ ਨੂੰ ਉਹ ਆਪਣੇ ਕਿਸੇ ਰਿਸ਼ਤੇਦਾਰ ਦੇ ਵਿਆਹ @ਚ ਸ਼ਾਮਲ ਹੋਣ ਲਈ ਪਰਿਵਾਰ ਸਮੇਤ ਦਿੱਲੀ ਗਏ ਹੋਏ ਸਨ ਅਤੇ ਜਦੋਂ ਵੀਰਵਾਰ ਦੇਰ ਰਾਤ ਉਹ ਦੀਨਾਨਗਰ ਸਥਿਤ ਆਪਣੇ ਘਰ ਪਹੁੰਚੇ ਤੇ ਜਦੋਂ ਮੇਨ ਗੇਟ ਖੋਲ੍ਹ ਕੇ ਘਰ ਅੰਦਰ ਦਾਖਲ ਹੋਇਆ ਤਾਂ ਘਰ ਦੇ ਸਾਰੇ ਦਰਵਾਜ਼ੇ ਖੁੱਲ੍ਹੇ ਤੇ ਘਰ ਦੇ ਸਾਰੇ ਕਮਰਿਆਂ ਦਾ ਸਾਰਾ ਸਾਮਾਨ ਖਿੱਲਰਿਆ ਪਿਆ ਦੇਖ ਕੇ ਉਹ ਹੈਰਾਨ ਰਹਿ ਗਏ। ਚੋਰਾਂ ਨੇ ਕਮਰਿਆਂ ਦੀਆਂ ਤਿੰਨ ਅਲਮਾਰੀਆਂ ਨੂੰ ਤੋੜ ਕੇ ਕਰੀਬ ਇੱਕ ਲੱਖ ਰੁਪਏ ਦੀ ਨਕਦੀ ਚੋਰੀ ਕਰਨ ਤੋਂ ਇਲਾਵਾ ਕੁਝ ਸੋਨੇ ਦੇ ਗਹਿਣੇ ਵੀ ਚੋਰੀ ਕਰ ਲਏ ਅਤੇ ਘਰ ਦੇ ਬਣੇ ਪੂਜਾ ਕਮਰੇ ਦੀ ਗੋਲਕ ਵੀ ਤੋੜ ਕੇ ਉਥੋਂ ਪੈਸੇ ਲੈ ਗਏ। ਮਰਵਾਹਾ ਨੇ ਦੱਸਿਆ ਕਿ ਉਸ ਨੇ ਇਸ ਚੋਰੀ ਸਬੰਧੀ ਸਥਾਨਕ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਪੁਲਸ ਨੇ ਮੌਕੇ @ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਸਥਾਨਕ ਸ਼ਹਿਰ ਦੇ ਸਮਾਜ ਸੇਵੀ ਭਾਰਤੇਂਦੂ ਓਹਰੀ ਨੇ ਕਿਹਾ ਕਿ ਸ਼ਹਿਰ ਅੰਦਰ ਪਿਛਲੇ ਕੁਝ ਦਿਨਾਂ ਤੋਂ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਘਟਨਾਵਾਂ ਵਿਚ ਵਾਧਾ ਹੋਣ ਕਾਰਨ ਲੋਕਾਂ ਵਿਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ, ਇਸ ਲਈ ਪੁਲਿਸ ਪ੍ਰਸ਼ਾਸਨ ਨੂੰ ਤੁਰੰਤ ਢੁਕਵੇਂ ਕਦਮ ਚੁੱਕਣੇ ਚਾਹੀਦੇ ਹਨ।

# ਮਾਸ ਮੀਡੀਆ ਅ.ਫਸਰ ਡਾ. ਹਰਜਿੰਦਰ ਸਿੰਘ ਹੋਏ ਸੇਵਾ ਮੁਕਤ

## - ਸਮੂਹ ਸਟਾਫ ਨੇ ਦਿੱਤੀ ਨਿੱਘੀ ਵਿਦਾਇਗੀ



**ਲੁਧਿਆਣਾ/ਸੁਖਚੈਨ ਮਹਿਰਾ, ਕਰਨ ਅੱਗਰਵਾਲ:-** ਦਫ਼ਤਰ ਸਿਵਲ ਸਰਜਨ ਲੁਧਿਆਣਾ ਵਿਖੇ ਪਿਛਲੇ ਲੰਬੇ ਸਮੇਂ ਤੋਂ ਬਤੌਰ ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੇਵਾ ਨਿਭਾ ਰਹੇ ਡਾ. ਹਰਜਿੰਦਰ ਸਿੰਘ ਕੱਲ੍ਹ 31 ਮਾਰਚ, 2022 ਨੂੰ ਸੇਵਾ ਮੁਕਤ ਹੋਏ। ਡਾ. ਹਰਜਿੰਦਰ ਸਿੰਘ ਨੂੰ ਸਿਵਲ ਸਰਜਨ ਡਾ. ਐਸ.ਪੀ. ਸਿੰਘ ਦੀ ਅਗੁਵਾਈ ਵਿੱਚ ਸਮੂਹ ਸਟਾਫ ਵੱਲੋਂ ਨਿੱਘੀ ਵਿਦਾਇਗੀ ਪਾਰਟੀ ਦਿੱਤੀ ਗਈ।

# ਫਾਜ਼ਿਲਕਾ ਵਿਧਾਇਕ ਨਰਿੰਦਰਪਾਲ ਪਾਲ ਸਿੰਘ ਸਵਨਾ ਨੇ ਕੀਤੀ ਸਿਹਤ ਮੰਤਰੀ ਨਾਲ ਮੁਲਾਕਾਤ

**ਫਾਜ਼ਿਲਕਾ/ਗੌਰਵ ਸ਼ਰਮਾ**




ਅੱਜ ਫਾਜ਼ਿਲਕਾ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਪੰਜਾਬ ਦੇ ਸਿਹਤ ਮੰਤਰੀ ਡਾ ਵਿਜੇ ਸਿੰਗਲਾ ਨਾਲ ਮੁਲਾਕਾਤ ਕੀਤੀ ਅਤੇ ਫ਼ਾਜ਼ਿਲਕਾ ਹਲਕੇ ਦੀਆਂ ਸਿਹਤ ਸੁਵਿਧਾਵਾਂ ਵਿੱਚ ਆ ਰਹੀਆਂ ਸਮੱਸਿਆਵਾਂ ਵਿੱਚ ਸੁਧਾਰ ਕਰਨ ਅਤੇ ਸਿਹਤ ਸਹੂਲਤਾਂ ਉੱਚਪੱਧਰੀ ਕਰਨ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਦੇ ਨਾਲ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਆਪਣੇ ਹਲਕੇ ਦੇ ਲੋਕਾਂ ਦੀਆਂ ਮੁੱਖ ਮੰਗਾਂ ਵੀ ਮੰਤਰੀ ਸਾਹਿਬ ਅੱਗੇ ਰੱਖੀਆਂ ਜਿਸ ਤੇ ਉਨ੍ਹਾਂ ਨੇ ਪੂਰਾ ਭਰੋਸਾ ਦਿੱਤਾ ਕਿ ਜਲਦ ਤੋਂ ਜਲਦ ਇਨ੍ਹਾਂ ਮੰਗਾਂ ਨੂੰ ਪੂਰਾ ਕੀਤਾ ਜਾਵੇਗਾ ਅਤੇ ਸਿਹਤ ਵਿਭਾਗ ਵਿਚ ਆ ਰਹੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਜਲਦ ਹੀ ਕੀਤਾ ਜਾਏਗਾ ।

# ਪ੍ਰਯਾਸ ਸਕੂਲ, ਆਲਮਗੜ੍ਹ ਵਿਚ ਦਾਖਲਾ ਸ਼ੁਰੂ

**ਫਾਜ਼ਿਲਕਾ/ਗੌਰਵ ਸ਼ਰਮਾ**



ਜਿਲ੍ਹਾ ਰੈਡ ਕ੍ਰਾਸ ਸੁਸਾਇਟੀ ਫਾਜਿਲਕਾ ਵੱਲੋਂ ਚਲਾਏ ਜਾ ਰਹੇ ਪ੍ਰਯਾਸ ਸਕੂਲ, ਆਲਮਗੜ੍ਹ ਵਿਖੇ ਵਿਸ਼ੇਸ਼ ਬੱਚਿਆਂ ਲਈ ਦਾਖਲੇ ਸ਼ੁਰੂ ਹਨ। ਇਸ ਸਬੰਧੀ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀਮਤੀ ਬਬੀਤਾ ਕਲੇਰ ਆਈਏਐਸ ਨੇ ਕਿਹਾ ਹੈ ਕਿ ਵਿਸੇਸ਼ ਬੱਚਿਆਂ (ਬੋਲਣ ਅਤੇ ਸੁਣਨ ਤੋਂ ਅਸਮਰੱਥ ਬੱਚਿਆਂ) ਲਈ ਨਵੇਂ ਸੈਸ਼ਨ ਤੋਂ ਦਾਖਲੇ ਸ਼ੁਰੂ ਹਨ। ਉਨ੍ਹਾਂ ਨੇ ਕਿਹਾ ਕਿ ਇਥੇ ਵਿਸ਼ਾ ਮਾਹਿਰ ਅਧਿਆਪਕਾਂ ਵੱਲੋਂ ਵਿਸ਼ੇਸ਼ ਬੱਚਿਆਂ ਨੂੰ ਸਮੇਂ ਦਾ ਹਾਣ ਦਾ ਬਣਾਉਣ ਲਈ ਸਿੱਖਿਆ ਦਿੱਤੀ ਜਾਂਦੀ ਹੈ। ਉਨ੍ਹਾਂ ਨੇ ਕਿਹਾ ਕਿ ਜਿ?ਲ੍ਹੇ ਵਿਚ ਜਿੱਥੇ ਕਿਤੇ ਵੀ ਅਜਿਹੇ ਬੱਚੇ ਹਨ ਉਨ੍ਹਾਂ ਦੇ ਮਾਪੇ ਇੰਨ੍ਹਾਂ ਬੱਚਿਆਂ ਦੀ ਪੜਾਈ ਲਈ ਪ੍ਰਯਾਸ ਸਕੂਲ ਆਲਮਗੜ੍ਹ ਵਿਖੇ ਸੰਪਰਕ ਕਰ ਸਕਦੇ ਹਨ। ਇਹ ਸਕੂਲ ਆਲਮਗੜ੍ਹ ਬਾਈਪਾਸ ਚੌਕ (ਅਬੋਹਰ) ਦੇ ਬਿੱਲਕੁਲ ਨੇੜੇ ਹੈ।ਇੱਥੇ ਬੱਚਿਆਂ ਨੂੰ ਲੈਕੇ ਅਤੇ ਛੱਡ ਦੇ ਜਾਣ ਲਈ ਵੈਨ ਦਾ ਵੀ ਪ੍ਰਬੰਧ ਹੈ।ਇਸ ਲਈ ਫੋਨ ਨੰਬਰ 7973334039 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ,ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016,2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) , Contect No. : 0181-2211009, Fax : 2211009 , Email Id : lokbani08@gmail.com ,

# ਗੁਰੂ ਨਾਨਕ ਦੇਵ ਡਾਇਲਸਿਸ ਸੈਂਟਰ ਵੱਲੋਂ ਮੁਫਤ ਡਾਇਲਸਿਸ ਦਾ ਇਕ ਸਾਲ ਦਾ ਅੰਕੜਾ 2085



**ਇਲਾਕੇ ਦੀ ਸਮੂਹ ਸੰਗਤਾਂ ਤੇ ਐਨ.ਆਰ.ਆਈ. ਦੀ ਸਹਿਯੋਗ ਨਾਲ ਬੀਤੇ ਸਾਲ 31 ਮਾਰਚ 2021 ਨੂੰ ਗੁਰੂ ਨਾਨਕ ਦੇਵ ਜੀ ਨਾਮ ਨੂੰ ਸਮਰਪਿਤ ਮੁਫਤ ਡਾਇਲਸਿਸ ਸੈਂਟਰ ਹੋਂਦ ਵਿੱਚ ਲਿਆਦਾ**

**ਭੁਲੱਥ/ਧਵਨ**

ਸ਼ਾਹਿਬਜਾਦਾ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ ਵੱਲੋਂ ਇਲਾਕੇ ਦੀ ਸਮੂਹ ਸੰਗਤਾਂ ਤੇ ਐਨ.ਆਰ.ਆਈ. ਦੀ ਸਹਿਯੋਗ ਨਾਲ ਬੀਤੇ ਸਾਲ 31 ਮਾਰਚ 2021 ਨੂੰ ਗੁਰੂ ਨਾਨਕ ਦੇਵ ਜੀ ਨਾਮ ਨੂੰ ਸਮਰਪਿਤ ਮੁਫਤ ਡਾਇਲਸਿਸ ਸੈਂਟਰ ਹੋਂਦ ਵਿੱਚ ਲਿਆਦਾ ਹੈ, ਜੋ ਕਿ ਭੁਲੱਥ ਦੇ ਸਰਕਾਰੀ ਹਸਪਤਾਲ ਵਿੱਚ ਮਰੀਜਾਂ ਲਈ ਮੁਫਤ ਡਾਇਲਸਿਸ ਦੀ ਸੇਵਾ ਨਿਭਾ ਰਿਹਾ ਹੈ, ਅੱਜ ਡਾਇਲਸਿਸ ਸੈਂਟਰ ਨੂੰ ਮਨੁੱਖਤਾ ਸੇਵਾ ਵਿੱਚ ਆਇਆ ਇਕ ਸਾਲ ਹੋ ਚੁੱਕਾ ਹੈ। ਇਕ ਸਾਲ ਵਿੱਚ ਕੁੱਲ 2085 ਪੀੜਤਾ ਦੀ ਮੁਫਤ ਡਾਇਲਸਿਸ ਕੀਤੀ ਗਈ ਹੈ ਅਤੇ ਮਾਰਚ ਮਹੀਨੇ ਦਾ ਮੁਫਤ ਡਾਇਲਸਿਸ ਅੰਕੜਾ 205 ਹੈ। ਇਸ ਬਾਰੇ ਡਾਇਲਸਿਸ ਸੈਂਟਰ ਦੇ ਪ੍ਰਬੰਧਕ ਤੇ ਸੇਵਾ ਸੁਸਾਇਟੀ ਦੇ ਮੈਂਬਰਾਂ ਡਾ. ਸੁਰਿੰਦਰ ਕੱਕੜ, ਸੁਰਿੰਦਰ ਸਿੰਘ ਲਾਲੀਆਂ, ਮੋਹਨ ਸਿੰਘ, ਬਲਵਿੰਦਰ ਸਿੰਘ ਚੀਮਾਂ ਨੇ ਜਾਣਕਾਰੀ ਸਾਂਝੀ ਕਰਦੇ ਹੋਏ ਕਿਹਾ ਕਿ ਇਹ ਸੈਂਟਰ ਇਲਾਕੇ ਦੀ ਸਾਧ ਸੰਗਤ ਤੇ ਐਨ.ਆਰ.ਆਈ ਦੇ ਸਹਿਯੋਗ ਨਾਲ ਚਲ ਰਿਹਾ ਹੈ ਤੇ ਪੰਜਾਬ ਭਰ ਵਿੱਚੋ ਮਰੀਜ ਆਉਦੇ ਹਨ ਤੇ ਮੁਫਤ ਡਾਇਲਸਿਸ ਦਾ ਸਹਾਰਾ ਲੈਂਦੇ ਹਨ ਅਤੇ ਕਿਹਾ ਕਿ ਸਾਡੀ ਸੁਸਾਇਟੀ ਵੱਲੋਂ ਚਲਾਈ ਇਹ ਮਨੁੱਖਤਾ ਸੇਵਾ ਲਈ ਮੁਫਤ ਡਾਇਲਸਿਸ ਮੁਹਿੰਮ ਸੰਗਤਾਂ ਦੇ ਸਹਿਯੋਗ ਨਾਲ ਕਾਮਯਾਬ ਹੋਈ ਅਤੇ ਅੱਜ ਇਕ ਸਾਲ ਮਨੁੱਖਤਾਂ ਦੀ ਸੇਵਾ ਵਿੱਚ ਪੇਸ਼ ਹੋਈ ਨੂੰ ਹੋ ਚੁੱਕਾ ਹੈ ਅਤੇ ਅਗਾਹ ਵੀ ਸੇਵਾ ਇਸੇ ਤਰਾ ਨਿਰੰਤਰ ਚਲਦੀ ਰਹੇਗੀ। ਦੱਸਿਆ ਕਿ ਰੋਜਾਨਾ 8 ਤੋਂ 10 ਮਰੀਜਾਂ ਦੀ ਮੁਫਤ ਡਾਇਲਸਿਸ ਹੁੰਦੀ ਹੈ ਅਤੇ ਡਾਇਲਸਿਸ ਕਰਨ ਵਾਲੇ ਮਾਹਿਰ ਡਾਕਟਰ ਤੇ ਬਾਕੀ ਸਟਾਫ ਸੈਂਟਰ ਵਿੱਚ ਮੋਜੂਦ ਰਹਿ, ਮਰੀਜਾਂ ਦੀ ਦੇਖ-ਰੇਖ ਕਰਦੇ ਹਨ। ਅਖੀਰ ਉਨ੍ਹਾਂ ਕਿਹਾ ਕਿ ਅਸੀ ਸਮੂਹ ਦਾਨੀ ਸੰਗਤ ਤੇ ਐਨ.ਆਰ.ਆਈ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਅਪੀਲ ਕਰਦੇ ਹਾਂ ਇਸੇ ਤਰਾ ਰਲ ਮਿਲ ਸਹਿਯੋਗ ਕਰਦੇ ਰਹੀਏ ਤਾਂ ਜੋ ਲੋਕ ਮੁਫਤ ਡਾਇਲਸਿਸ ਦਾ ਸਹਾਰਾ ਲੈਂਦੇ ਰਹਿਣ।

# ਦਿੱਲੀ ਕਟੜਾ ਨੈਸ਼ਨਲ ਹਾਈਵੇਅ ਵਿਭਾਗ ਕਿਸਾਨਾਂ ਦੀ ਜਮੀਨਾਂ ਤੇ ਕਬਜਾ ਲੈਣ ਲਈ ਤਿਆਰ

**ਮਾਰਗ ਅਧੀਨ ਆਉਂਦੀ ਜਮੀਨ ਤੇ ਫਸਲ ਬੀਜਣ ਤੋਂ ਕਿਸਾਨਾਂ ਨੂੰ ਕੀਤਾ ਇਨਕਾਰ**

**ਭੁਲੱਥ/ਧਵਨ**

ਕੇਂਦਰ ਸਰਕਾਰ ਵੱਲੋਂ ਦਿੱਲੀ ਤੋ ਕਟੜਾ ਨੈਸ਼ਨਲ ਐਕਸਪ੍ਰੈਸ ਹਾਈਵੇਅ ਬਨਣ ਜਾ ਰਿਹਾ ਜੋ ਕਿ ਪੰਜਾਬ ਦੇ ਕਈ ਜਿਲਿਆਂ ਦੇ ਪਿੰਡਾਂ ਦੇ ਜਮੀਨਾਂ ਤੋ ਗੁਜਰ ਰਿਹਾ ਹੈ। ਜਿੱਥੇ ਇਹ ਹਾਈਵੇਅ ਸਫਰ ਨੂੰ ਸੁਖਾਲਾ ਕਰੇਗਾ ਪਰ ਇਸਦੇ ਬਨਣ ਤੋ ਪਹਿਲਾ ਕਿਸਾਨਾਂ ਲਈ ਕਈ ਪ੍ਰਕਾਰ ਦੀ ਸਮੱਸਿਆਂਵਾ ਖੜ੍ਹੀਆਂ ਕਰ ਰਿਹਾ ਹੈ। ਇਹ ਹਾਈਵੇਅ ਤਹਿਸੀਲ ਭੁਲੱਥ ਦੇ ਕਰੀਬ 18 ਪਿੰਡਾਂ ਦੀ ਜਮੀਨਾਂ ਵਿੱਚੋ ਲੰਘ ਰਿਹਾ ਹੈ ਤੇ ਕਿਸਾਨਾਂ ਦੀ ਕਈ ਏਕੜ ਜਮੀਨ ਮਾਰਗ ਅਧੀਨ ਆ ਰਹੀ ਹੈ। ਇਹ ਮਾਰਗ 300 ਫੁੱਟ ਚੋੜਾ ਅਤੇ ਕਰੀਬ 15 ਫੁੱਟ ਉੱਚਾ ਬਨਣ ਦੀ ਸੂਤਰ ਮਿਲੇ ਹਨ। ਇਸ ਬਾਰੇ ਜਾਣਕਾਰੀ ਦਿੰਦੇ ਕਿਸਾਨ ਜਗਤਾਰ ਸਿੰਘ ਨੇ ਦੱਸਿਆ ਕਿ ਹਾਈਵੇਅ ਬਨਣ ਨਾਲ ਕਿਸਾਨਾਂ ਦਾ ਬਹੁਤ ਨੁਕਸਾਨ ਹੋ ਰਿਹਾ ਹੈ, ਮਾਰਗ ਨਾਲ ਕਿਸਾਨਾਂ ਦੀ ਜਮੀਨਾਂ ਦੇ ਦੋ ਹਿੱਸੇ ਹੋ ਰਹੇ ਹਨ ਜਿਸ ਕਰਕੇ ਕਾਸ਼ਤ ਤੇ ਸੰਚਾਈ ਵਿੱਚ ਬਹੁਤ ਪ੍ਰਸ਼ਾਨੀਆਂ ਆਉਣਗੀਆਂ। ਕਿਹਾ ਕਿ ਹੋਰ ਵੀ ਮੁਸ਼ਕਿਲਾਂ ਹਨ ਕਿ ਮਾਰਗ ਦੇ ਦੂਜੇ ਪਾਸੇ ਜਮੀਨ ਤੇ ਕਾਸ਼ਤ ਕਰਨ ਜਾਣ ਲਈ ਕੋਈ ਅੰਡਰ ਪਾਸ ਨਹੀ ਮਿਲ ਰਿਹਾ ਹੈ, ਕੋਈ ਪਾਈਪ ਲਾਇਨ ਨਹੀ ਪਾ ਕੇ ਦਿੱਤੀ ਜਾ ਰਹੀ ਅਤੇ ਇਸ ਤੋ ਇਲਾਵਾ ਪਿੰਡਾਂ ਨੂੰ ਸਰਵਿਸ ਰੋਡ ਬਹੁਤ ਘੱਟ ਮਿਲ ਰਹੇ ਹਨ ਅਤੇ ਸਟਰਕਚਰ ਦਾ ਮੁਆਵਜਾ ਨਹੀ ਮਿਲ ਰਿਹਾ। ਸਰਕਾਰ ਵੱਲੋਂ ਕਿਸਾਨਾਂ ਦੀ ਐਕਵਾਇਰ ਹੋਣ ਵਾਲੀਆਂ ਜਮੀਨਾਂ ਦੇ ਬਦਲੇ ਘੱਟ ਕੀਮਤ ਕਿਸਾਨਾਂ ਨੂੰ ਦਿੱਤੀ ਜਾ ਰਹੀ ਹੈ, ਜਦ ਕਿ ਜਮੀਨਾਂ ਮਹਿੰਗੇ ਮੁੱਲ ਦੀਆਂ ਹਨ। ਖਾਸ ਮੁਸ਼ਕਿਲ ਇਹ ਹੈ ਕਿ ਜਮੀਨਾਂ ਦੇ ਸਾਂਝੇ ਖਾਤੇ ਹਨ ਤੇ ਲੋਕਾਂ ਨੇ ਘਰੇਲੂ ਵੰਡ ਨਾਲ ਕਬਜੇ ਵੰਡੇ ਹਨ, ਜਿਸ ਕਰਕੇ ਦਰੁਸਤ ਢੰਗ ਮੁਆਵਜੇ ਨਹੀ ਮਿਲਦੇ ਅਤੇ ਕਈ ਜਮੀਨਾਂ ਦੀ ਤਕਸੀਮ ਨਹੀ ਹੋਈ ਅਤੇ ਕਈ ਮਾਲਕ ਵਿਦੇਸ਼ ਹਨ ਤੇ ਉਹ ਭਾਰਤ ਨਾ ਆਉਣ ਕਰਕੇ ਜਮੀਨਾਂ ਦੇ ਮੁਆਵਜੇ ਉਹਨਾਂ ਤੱਕ ਨਹੀ ਪਹੁੰਚ ਰਹੇ, ਵਿਭਾਗ ਕਈ ਤਰਾ ਇਤਰਾਜ ਖੜ੍ਹੇ ਕਰਕੇ ਕਿਸਾਨਾਂ ਨੂੰ ਮੁਆਵਜੇ ਦੇਣ ਤੋ ਪਿੱਛੇ ਹੋ ਰਿਹਾ ਹੈ। ਕਿਹਾ ਕਿ ਅਜਿਹੇ ਹਲਾਤਾ ਚ' ਖੜ੍ਹੇ ਮਸਲਿਆ ਦੇ ਬਾਵਜੂਦ ਹਾਈਵੇਅ ਵਿਭਾਗ ਵਾਲੇ ਕਿਸਾਨਾਂ ਦੀ ਜਮੀਨਾਂ ਤੇ ਕਬਜੇ ਲੈਣ ਆਉਦੇ ਹਨ ਤੇ ਸਾਨੂੰ ਝੋਨੇ ਦੀ ਬਿਜਾਈ ਕਰਨ ਤੋ ਰੋਕਦੇ ਹਨ, ਕਿਹਾ ਕਿ ਕਿਸਾਨਾਂ ਨਾਲ ਸਰਾਸਰ ਧੱਕੇਸ਼ਾਹੀ ਨਾਲ ਜਮੀਨਾਂ ਲਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਇਸ ਸਬੰਧੀ ਆਪਣੇ ਉਕਤ ਮਸਲਿਆਂ ਦੀ ਬਾਬਤ ਐਸ.ਡੀ.ਐਮ ਭੁਲੱਥ ਤੇ ਕਈ ਉੱਚ ਸਰਕਾਰੀ ਤੇ ਵਿਭਾਗੀ ਅਧਿਕਾਰੀਆਂ ਨੂੰ ਮਿਲੇ ਹਾਂ ਪਰ ਅੱਜ ਤੱਕ ਸਾਡੀ ਸਮੱਸਿਆਵਾ ਦਾ ਹੱਲ ਨਹੀ ਹੋਇਆ ਤੇ ਨਾ ਹੀ ਬਣਦਾ ਮੁਆਵਜਾ ਮਿਲਣ ਦੇ ਅਸਾਰ ਦਿਖੇ ਹਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 12 ਤੋਂ 14 ਸਾਲ ਉਮਰ ਵਰਗ ਦੇ ਲਾਭਪਾਤਰੀਆਂ ਦੇ ਟੀਕਾਕਰਨ ਲਈ ਵਿੱਢੀ ਮੁਹਿੰਮ 'ਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ



**ਕਿਹਾ ਇਸ ਉਮਰ ਵਰਗ ਦੇ ਕਰੀਬ 39 ਹਜ਼ਾਰ ਲਾਭਪਾਤਰੀਆਂ ਨੂੰ ਲਗਾਈ ਜਾ ਚੁੱਕੀ ਵੈਕਸੀਨ**

**ਜਲੰਧਰ/ਦੀਪਕ ਨਟਰਾਜ, ਰਕੇਸ਼ ਵਰਮਾ**

ਜ਼ਿਲ੍ਹੇ ਵਿੱਚ 12 ਤੋਂ 14 ਸਾਲ ਉਮਰ ਵਰਗ ਦੇ ਲਾਭਪਾਤਰੀਆਂ ਦੇ ਸੌ ਫੀਸਦੀ ਟੀਕਾਕਰਨ ਨੂੰ ਯਕੀਨੀ ਬਣਾਉਣ ਲਈ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਆਸ਼ਿਕਾ ਜੈਨ ਨੇ ਅਧਿਕਾਰੀਆਂ ਨੂੰ ਟੀਕਾਕਰਨ ਮੁਹਿੰਮ ਵਿੱਚ ਹੋਰ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਦਿੱਤੀਆਂ ਤਾਂ ਜੋ ਇਸ ਉਮਰ ਵਰਗ ਦੇ ਸਮੁੱਚੇ ਲਾਭਪਾਤਰੀਆਂ ਨੂੰ ਜਲਦੀ ਤੋਂ ਜਲਦੀ ਵੈਕਸੀਨੇਸ਼ਨ ਤਹਿਤ ਕਵਰ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾ ਸਕੇ।

ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਐਸ.ਡੀ.ਐਮਜ਼ ਤੇ ਨੋਡਲ ਅਫ਼ਸਰਾਂ ਨਾਲ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ, ਜਿਨ੍ਹਾਂ ਨਾਲ ਸਹਾਇਕ ਕਮਿਸ਼ਨਰ (ਯੂ.ਟੀ) ਓਜਸਵੀ ਅਲੰਕਾਰ ਵੀ ਮੌਜੂਦ ਸਨ, ਨੇ ਦੱਸਿਆ ਕਿ ਹੁਣ ਤੱਕ 12 ਤੋਂ 14 ਸਾਲ ਉਮਰ ਵਰਗ ਦੇ 38960 ਲਾਭਪਾਤਰੀਆਂ ਨੂੰ ਵੈਕਸੀਨ ਦੀ ਪਹਿਲੀ ਖ਼ੁਰਾਕ ਪ੍ਰਦਾਨ ਕੀਤੀ ਜਾ ਚੁੱਕੀ ਹੈ। ਉਨ੍ਹਾਂ ਸਮੂਹ ਐਸ.ਡੀ.ਐਮਜ਼ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਪੈਂਦੇ ਸਕੂਲਾਂ ਵਿੱਚ ਸਬੰਧਤ ਨੋਡਲ ਅਫ਼ਸਰਾਂ ਅਤੇ ਸਿਹਤ ਟੀਮਾਂ ਦੇ ਸਹਿਯੋਗ ਨਾਲ ਟੀਕਾਕਰਨ ਦੀ ਸਹੂਲਤ ਪ੍ਰਦਾਨ ਕਰਨ ਲਈ ਕਿਹਾ ਤਾਂ ਜੋ ਇਸ ਉਮਰ ਵਰਗ ਦੇ ਸੌ ਫੀਸਦੀ ਟੀਕਾਕਰਨ ਦੇ ਟੀਚੇ ਨੂੰ ਜਲਦੀ ਤੋਂ ਜਲਦੀ ਪ੍ਰਾਪਤ ਕੀਤਾ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਨੇ ਨੋਡਲ ਅਫ਼ਸਰਾਂ ਨੂੰ ਟੀਕਾਕਰਨ ਮੁਹਿੰਮ ਵਿੱਚ ਸਰਗਰਮ ਭੂਮਿਕਾ ਨਿਭਾਉਣ ਦੀ ਹਦਾਇਤ ਕੀਤੀ ਅਤੇ ਕਿਹਾ ਕਿ ਬੱਚਿਆਂ ਨੂੰ ਵਾਇਰਸ ਦੇ ਪ੍ਰਭਾਵ ਤੋਂ ਬਚਾਉਣ ਲਈ ਉਨ੍ਹਾਂ ਦਾ ਟੀਕਾਕਰਨ ਕਰਵਾਉਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਉਣ ਲਈ ਅੱਗੇ ਆਉਣ ਦੀ ਅਪੀਲ ਵੀ ਕੀਤੀ।

ਇਸ ਦੌਰਾਨ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਰਾਕੇਸ਼ ਚੋਪੜਾ ਨੇ ਦੱਸਿਆ ਕਿ ਇਸ ਉਮਰ ਵਰਗ ਦੇ ਲਾਭਪਾਤਰੀਆਂ ਨੂੰ ਕੋਰਬੇਵੈਕਸ ਵੈਕਸੀਨ ਲਗਾਈ ਜਾ ਰਹੀ ਹੈ, ਜਿਸ ਦਾ ਕੋਈ ਮਾੜਾ ਪ੍ਰਭਾਵ ਦੇਖਣ ਵਿੱਚ ਨਹੀਂ ਆਇਆ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਵੈਕਸੀਨ ਲਗਵਾਉਣ ਲਈ ਅੱਗੇ ਆਉਣ ਲਈ ਕਿਹਾ ਤਾਂ ਜੋ ਉਨ੍ਹਾਂ ਨੂੰ ਵਾਇਰਸ ਦੇ ਪ੍ਰਭਾਵ ਤੋਂ ਸੁਰੱਖਿਅਤ ਕੀਤਾ ਜਾ ਸਕੇ।

# ਜੰਗਲ ਪਾਣੀ ਗਏ ਬਜ਼ੁਰਗ ਦਾ ਬੇਰਹਿਮੀ ਨਾਲ ਕਤਲ

**ਅੰਮ੍ਰਿਤਸਰ/ਰਾਜਾ ਕੋਟਲੀ**



ਪੁਲਿਸ ਥਾਣਾ ਵੱਲਾ ਦੇ ਇਲਾਕੇ ਵਿੱਚ ਪਸ਼ੂ ਮੰਡੀ ਦੇ ਨੇੜੇ ਪੈਂਦੀ ਨਹਿਰ ਦੇ ਕੋਲ ਜੰਗਲ ਪਾਣੀ ਗਏ ਬਜ਼ੁਰਗ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਪੁਲੀਸ ਵੱਲੋਂ ਲਾਸ਼ ਨੇੜੇ ਮਿਲੇ ਸਬੂਤਾਂ ਦੀ ਵੱਖ-ਵੱਖ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ। ਮ੍ਰਿਤਕ ਦੀ ਪਛਾਣ ਰਾਜ ਕੁਮਾਰ (60) ਪੁੱਤਰ ਬੂਆ ਦਾਸ ਵਾਸੀ ਵੱਲਾ ਵਜੋਂ ਹੋਈ ਹੈ। ਜਾਣਕਾਰੀ ਦਿੰਦੇ ਹੋਏ ਰਮੇਸ਼ ਕੁਮਾਰ ਨੇ ਦੱਸਿਆ ਕਿ ਉਸ ਦੇ ਪਿਤਾ ਸਵੇਰੇ ਕਰੀਬ 8 ਵਜੇ ਆਪਣੇ ਸਾਈਕਲ @ਤੇ ਪਖਾਨੇ ਗਿਆ ਸੀ। ਕਾਫੀ ਦੇਰ ਤੱਕ ਵਾਪਸ ਨਾ ਆਉਣ @ਤੇ ਮੈਂ ਪਰਿਵਾਰਕ ਮੈਂਬਰਾਂ ਸਮੇਤ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਸਵੇਰੇ ਕਰੀਬ 10.30 ਵਜੇ ਜਦੋਂ ਉਹ ਨਹਿਰ ਦੇ ਕੰਢੇ ਭਾਲ ਕਰ ਰਹੇ ਸਨ ਤਾਂ ਮੇਰੇ ਪਿਤਾ ਜੀ ਜ਼ਖਮੀ ਹਾਲਤ ਵਿੱਚ ਝਾੜੀਆਂ ਵਿੱਚੋਂ ਮਿਲੇ, ਜਿਨ੍ਹਾਂ ਦੇ ਸਿਰ @ਤੇ ਡੂੰਘੇ ਜ਼ਖ਼ਮ ਸਨ ਅਤੇ ਉਨ੍ਹਾਂ ਦਾ ਸਾਈਕਲ ਵੀ ਗਾਇਬ ਸੀ। ਉਸ ਦੇ ਕੋਲ ਖ਼ੂਨ ਨਾਲ ਲੱਥਪੱਥ ਲੋਹੇ ਦੀ ਰਾਡ, ਔਰਤ ਦਾ ਸ਼ਾਲ, ਆਧਾਰ ਕਾਰਡ ਦੀ ਕਾਪੀ ਅਤੇ ਗੈਸ ਕੁਨੈਕਸ਼ਨ ਦੀ ਕਾਪੀ ਮਿਲੀ ਹੈ। ਜ਼ਖਮੀ ਹਾਲਤ @ਚ ਮੈਂ ਆਪਣੇ ਪਿਤਾ ਨੂੰ ਸ੍ਰੀ ਗੁਰੂ ਰਾਮਦਾਸ ਹਸਪਤਾਲ ਨੇੜੇ ਗੁਰੂਦੁਆਰਾ ਸ਼ਹੀਦਾ ਸਾਹਿਬ ਵਿਖੇ ਦਾਖਲ ਕਰਵਾਇਆ ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਰਮੇਸ਼ ਕੁਮਾਰ ਨੇ ਦੱਸਿਆ ਕਿ ਕਿਸੇ ਨੇ ਲੁੱਟ ਕਰਨ ਲਈ ਉਸ ਦੇ ਪਿਤਾ ਦਾ ਕਤਲ ਕਰ ਦਿੱਤਾ ਹੈ। ਜਿਸ ਤੋਂ ਬਾਅਦ ਪੁਲਿਸ ਨੂੰ ਸੂਚਨਾ ਦਿੱਤੀ ਗਈ। ਥਾਣਾ ਸਦਰ ਦੇ ਇੰਚਾਰਜ ਜਸਬੀਰ ਸਿੰਘ ਪਵਾਰ ਨੇ ਦੱਸਿਆ ਕਿ ਮੌਕੇ @ਤੇ ਮਿਲੇ ਸਬੂਤਾਂ ਅਤੇ ਰਮੇਸ਼ ਕੁਮਾਰ ਦੇ ਬਿਆਨਾਂ @ਤੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਫਾਜ਼ਿਲਕਾ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕੀਤੀ ਸਿਹਤ ਮੰਤਰੀ ਅਤੇ ਸਿੱਖਿਆ ਮੰਤਰੀ ਨਾਲ ਮੁਲਾਕਾਤ





**ਫਾਜ਼ਿਲਕਾ/ਗੌਰਵ ਸ਼ਰਮਾ**

ਆਮ ਆਦਮੀ ਪਾਰਟੀ ਦੇ ਨਵੇਂ ਚੁਣੇ ਗਏ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਚੋਣਾਂ ਤੋਂ ਪਹਿਲਾਂ ਫਾਜ਼ਿਲਕਾ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਪੂਰੀ ਤਰ੍ਹਾਂ ਸਰਗਰਮ ਨਜ਼ਰ ਆ ਰਹੇ ਹਨ। ਫਾਜ਼ਿਲਕਾ ਦੀ ਚੜ੍ਹਦੀ ਕਲਾ ਅਤੇ ਤਰੱਕੀ ਲਈ ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਵਾਅਦਿਆਂ ਨੂੰ ਪੂਰਾ ਕਰਨ ਵੱਲ ਕਦਮ ਵਧਾਉਂਦੇ ਹੋਏ ਵੀਰਵਾਰ ਨੂੰ ਚੰਡੀਗੜ੍ਹ ਵਿਖੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅਤੇ ਸਿਹਤ ਮੰਤਰੀ ਵਿਜੇ ਸਿੰਗਲਾ ਨਾਲ ਮੁਲਾਕਾਤ ਕੀਤੀ।

ਬਹੁਤ ਹੀ ਗੂੜ੍ਹੇ ਮਾਹੌਲ ਵਿੱਚ ਹੋਈ ਮੀਟਿੰਗ ਬਾਰੇ ਵਿਧਾਇਕ ਸਵਨਾ ਨੇ ਦੱਸਿਆ ਕਿ ਸਿੱਖਿਆ ਮੰਤਰੀ ਵਿਜੇ ਸਿੰਗਲਾ ਨਾਲ ਹੋਈ ਮੀਟਿੰਗ ਵਿੱਚ ਉਨ੍ਹਾਂ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਦਾ ਮੁੱਦਾ ਉਠਾਇਆ ਸੀ। ਇੱਥੇ ਮਹਿਸੂਸ ਕੀਤੀ ਜਾ ਰਹੀ ਸਪੈਸ਼ਲਿਸਟ ਡਾਕਟਰਾਂ ਦੀ ਘਾਟ ਸਬੰਧੀ ਸਿਹਤ ਮੰਤਰੀ ਸ੍ਰੀ ਸਿੰਗਲਾ ਨਾਲ ਗੱਲਬਾਤ ਕੀਤੀ। ਇਸ ’ਤੇ ਸਿਹਤ ਮੰਤਰੀ ਸ੍ਰੀ ਸਿੰਗਲਾ ਨੇ ਭਰੋਸਾ ਦਿੱਤਾ ਹੈ ਕਿ ਜਲਦੀ ਹੀ ਫਾਜ਼ਿਲਕਾ ਵਿੱਚ ਡਾਕਟਰਾਂ ਦੀ ਘਾਟ ਨੂੰ ਦੂਰ ਕੀਤਾ ਜਾਵੇਗਾ। ਇਸ ਦੇ ਨਾਲ ਹੀ ਵਿਧਾਇਕ ਸਵਨਾ ਨੇ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੂੰ ਮਿਲ ਕੇ ਇੱਥੋਂ ਦੇ ਸਰਕਾਰੀ ਕਾਲਜ ਵਿੱਚ ਪ੍ਰੋਫੈਸਰਾਂ ਦੀ ਘਾਟ ਅਤੇ ਹੋਰ ਲੋੜਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਸਿੱਖਿਆ ਮੰਤਰੀ ਸ੍ਰੀ ਹੇਅਰ ਨੂੰ ਫਾਜ਼ਿਲਕਾ ਦੇ ਪਿੰਡ ਚੰਨਣਵਾਲਾ ਮੰਡੀ ਵਿੱਚ ਬਣਾਏ ਗਏ ਪੰਜਾਬ ਦੇ ਪਹਿਲੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿੱਚ 2 ਅਪ੍ਰੈਲ ਦੀ ਸ਼ਾਮ ਨੂੰ ਹੋਣ ਵਾਲੇ ਸਾਲਾਨਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦਾ ਸੱਦਾ ਵੀ ਦਿੱਤਾ। ਵਿਧਾਇਕ ਸਵਨਾ ਨੇ ਦੱਸਿਆ ਕਿ ਸਕੂਲ ਦੇ ਮੁੱਖ ਅਧਿਆਪਕ ਲਵਜੀਤ ਸਿੰਘ ਗਰੇਵਾਲ ਅਤੇ ਸਮੂਹ ਸਟਾਫ਼ ਨੇ ਜਿਸ ਮਿਹਨਤ ਨਾਲ ਸਕੂਲ ਨੂੰ ਪੰਜਾਬ ਦਾ ਸਭ ਤੋਂ ਵਧੀਆ ਸਮਾਰਟ ਸਕੂਲ ਬਣਾਇਆ ਹੈ, ਉਹ ਸਿੱਖਿਆ ਮੰਤਰੀ ਨੂੰ ਲਿਆ ਕੇ ਫਾਜ਼ਿਲਕਾ ਦੇ ਹਰ ਸਰਕਾਰੀ ਸਕੂਲ ਵਿੱਚ ਇਹੋ ਜਿਹੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਚਾਹੁੰਦੇ ਹਨ। ਉਨ੍ਹਾਂ ਵੱਲੋਂ ਸਕੂਲ ਦੇ ਵਿਕਾਸ ਸਬੰਧੀ ਦਿੱਤੀ ਜਾਣਕਾਰੀ ਤੋਂ ਖੁਸ਼ ਹੋ ਕੇ ਸਿੱਖਿਆ ਮੰਤਰੀ ਸ੍ਰੀ ਹੇਅਰ ਨੇ ਉਨ੍ਹਾਂ ਨੂੰ ਸਕੂਲ ਦੇ ਸਾਲਾਨਾ ਪ੍ਰੋਗਰਾਮ ਵਿੱਚ ਹਾਜ਼ਰੀ ਭਰਨ ਦਾ ਭਰੋਸਾ ਦਿੱਤਾ ਹੈ। ਵਿਧਾਇਕ ਸ੍ਰੀ ਸਵਾਨਾ ਨੇ ਦੱਸਿਆ ਕਿ ਫਾਜ਼ਿਲਕਾ ਦੇ ਸ਼ਹਿਰੀਆਂ ਨੇ ਉਨ੍ਹਾਂ ਨੂੰ ਸੇਵਾ ਕਰਨ ਦਾ ਮੌਕਾ ਦਿੱਤਾ ਹੈ, ਉਨ੍ਹਾਂ ਉਮੀਦਾਂ @ਤੇ ਖਰਾ ਉਤਰਨ ਲਈ ਉਹ ਹਰ ਸੰਭਵ ਯਤਨ ਕਰ ਰਹੇ ਹਨ ਅਤੇ ਇਸ ਤਰ੍ਹਾਂ ਕਰਦੇ ਰਹਿਣਗੇ ਜਦੋਂ ਤੱਕ ਉਨ੍ਹਾਂ ਵੱਲੋਂ ਕੀਤੇ ਵਾਅਦੇ ਪੂਰੇ ਨਹੀਂ ਹੁੰਦੇ, ਉਹ ਅਰਾਮ ਨਾਲ ਨਹੀਂ ਬੈਠਣਗੇ ।

# ਤਹਿਸੀਲ ਕੰਪਲੈਕਸ ਜਗਰਾਓ ’ਚ ਵਹੀਕਲ ਪਾਰਕਿੰਗ ਤੇ ਕੰਟੀਨ ਦੀ ਬੋਲੀ 07 ਅਪ੍ਰੈਲ ਨੂੰ

**ਜਗਰਾਓ/ਸੁਖਚੈਨ ਮਹਿਰਾ**

ਉੱਪ-ਮੰਡਲ ਮੈਜਿਸਟ੍ਰੇਟ ਜਗਰਾਓ ਸ਼੍ਰੀ ਵਿਕਾਸ ਹੀਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਚਹਿਰੀ ਕੰਪਾਊਂਡ ਜਗਰਾਓ ਦੀ ਕੰਟੀਨ ਦਾ ਠੇਕਾ ਸਾਲ 2022-23 ਲਈ ਬੋਲੀ ਰਾਹੀਂ ਠੇਕੇ @ਤੇ ਦਿੱਤਾ ਜਾਣਾ ਹੈ। ਇਸ ਲਈ ਇਹ ਬੋਲੀ ਮਿਤੀ 07-04-2022 ਨੂੰ ਸਵੇਰੇ 11-00 ਵਜੇ ਦਫਤਰ ਉੱਪ-ਮੰਡਲ ਮੈਜਿਸਟ੍ਰੇਟ ਜਗਰਾਓ ਵਿਖੇ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਬੋਲੀ ਵਿੱਚ ਸਾਰਿਆਂ ਨੂੰ ਸਮੇਂ ਸਿਰ ਹਾਜ਼ਰ ਹੋਣਾ ਲਾਜ਼ਮੀ ਹੈ। ਬੋਲੀ ਵਿੱਚ ਸ਼ਾਮਿਲ ਹੋਣ ਵਾਲੇ ਵਿਅਕਤੀ ਨੂੰ 05 ਹਜ਼ਾਰ ਬਤੌਰ ਸਕਿਉਰਟੀ ਜਮਾਂ ਕਰਵਾਉਣੇ ਹੋਣਗੇ। ਸਭ ਤੋਂ ਵੱਧ ਬੋਲੀ ਦੇਣ ਵਾਲੇ ਦੀ ਕੁੱਲ ਰਕਮ ਦਾ ਚੌਥਾ ਹਿੱਸਾ ਮੌਕੇ @ਤੇ ਜਮਾਂ ਕਰਵਾਉਣਾ ਹੋਵੇਗਾ ਅਤੇ ਬਾਕੀ ਦੀ ਰਕਮ ਲਗਾਤਾਰ ਮਹੀਨਾਵਾਰੀ ਕਿਸ਼ਤਾਂ ਵਿੱਚ ਵਸੂਲ ਕੀਤੀ ਜਾਵੇਗੀ। ਚੌਥਾ ਹਿੱਸਾ ਨਾ ਦੇਣ ਦੀ ਸੂਰਤ ਵਿੱਚ ਸਕਿਉਰਟੀ ਰਕਮ ਜ਼ਬਤ ਕਰ ਲਈ ਜਾਵੇਗੀ। ਇਸ ਤੋਂ ਇਲਾਵਾ ਹੋਰ ਸ਼ਰਤਾਂ ਮੌਕੇ @ਤੇ ਦੱਸੀਆ ਜਾਣਗੀਆਂ।

ਉੱਪ-ਮੰਡਲ ਮੈਜਿਸਟ੍ਰੇਟ ਜਗਰਾਓ ਸ਼੍ਰੀ ਵਿਕਾਸ ਹੀਰਾ ਨੇ ਅੱਗੇ ਦੱਸਿਆ ਕਿ ਤਹਿਸੀਲ ਕੰਪਲੈਕਸ ਜਗਰਾਓ ਵਿੱਚ ਸਾਲ 2022-23 ਲਈ ਵਹੀਕਲ ਪਾਰਕਿੰਗ ਦੇ ਠੇਕੇ @ਤੇ ਖੁੱਲੀ ਬੋਲੀ ਮਿਤੀ 07-04-2022 ਨੂੰ ਦੁਪਹਿਰ 12-00 ਵਜੇ ਦਫਤਰ ਉੱਪ ਮੰਡਲ ਮੈਜਿਸਟਰੇਟ, ਜਗਰਾਓ ਵਿਖੇ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਬੋਲੀ ਵਿੱਚ ਸ਼ਾਮਲ ਹੋਣ ਵਾਲੇ ਵਿਅਕਤੀ ਨੂੰ 20 ਹਜ਼ਾਰ ਰੁਪਏ ਦਾ ਡ੍ਰਾਫਟ ਬਤੌਰ ਸਕਿਊਰਿਟੀ ਜਮ੍ਹਾਂ ਕਰਵਾਉਣਾ ਹੋਵੇਗਾ। ਸਭ ਤੋਂ ਵੱਧ ਬੋਲੀ ਦੇਣ ਵਾਲੇ ਦੀ ਕੁੱਲ ਰਕਮ ਦਾ ਚੌਥਾ ਹਿੱਸਾ ਮੌਕੇ@ @ਤੇ ਜਮਾਂ ਕਰਾਉਣਾ ਹੋਵੇਗਾ। ਬਾਕੀ ਦੀ ਰਕਮ ਮਹੀਨਾਵਾਰ ਕਿਸ਼ਤਾਂ ਵਿੱਚ ਲਈ ਜਾਵੇਗੀ। ਮੌਕੇ @ਤੇ ਚੌਥਾਂ ਹਿੱਸਾ ਨਾ ਦੇਣ ਦੀ ਸੂਰਤ ਵਿੱਚ ਸਕਿਉਰਿਟੀ ਰਕਮ ਜ਼ਬਤ ਕਰ ਲਈ ਜਾਵੇਗੀ। ਠੇਕੇ ਦੀਆਂ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ ਦਫਤਰ ਉੱਪ ਮੰਡਲ ਮੈਜਿਸਟਰੇਟ, ਜਗਰਾਓ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।

**ਉੱਪ-ਮੰਡਲ ਮੈਜਿਸਟ੍ਰੇਟ ਜਗਰਾਓ ਸ਼੍ਰੀ ਵਿਕਾਸ ਹੀਰਾ ਨੇ ਜਾਣਕਾਰੀ ਦਿੰਦਿਆਂ ਇਹ ਵੀ ਦੱਸਿਆ ਕਿ ਕੰਟੀਨ ਲਈ ਸ਼ਰਤਾਂ**

1. ਬੋਲੀ ਦੇਣ ਵਾਲੇ ਪਾਸ ਤਹਿਸੀਲ ਜਗਰਾਓ ਵਿੱਚ ਅਚੱਲ ਜਾਇਦਾਦ ਹੋਣੀ ਜ਼ਰੂਰੀ ਹੈ, ਸਬੂਤ ਵਜੋਂ ਮੌਕੇ @ਤੇ ਉਹ ਰਜਿਸਟਰੀ ਜਾਂ ਨਕਲ ਜਮਾਂਬੰਦੀ ਪੇਸ਼ ਕਰੇਗਾ।
2. ਬੋਲੀਕਾਰ ਸਰਕਾਰ ਜਾਂ ਇਸ ਦਫਤਰ ਦਾ ਬਾਕੀਦਾਰ ਨਹੀਂ ਹੋਣਾ ਚਾਹੀਦਾ।
3. ਗ੍ਰਾਹਕਾਂ ਦੇ ਬੈਠਣ ਲਈ ਯੋਗ ਪ੍ਰਬੰਧ ਹੋਣਾ ਚਾਹੀਦਾ ਹੈ।
4. ਕੰਟੀਨ ਵਿਖੇ ਖਾਣ-ਪੀਣ ਦੀ ਸਮੱਗਰੀ ਸੁੱਧ ਹੋਣੀ ਚਾਹੀਦੀ ਹੈ।
5. ਸ਼ਨੀਵਾਰ ਨੂੰ ਕੰਟੀਨ ਖੁੱਲੀ ਹੋਣੀ ਚਾਹੀਦੀ ਹੈ।

# ਗੁਰੂ ਅਰਜਨ ਦੇਵ ਜੀ ਅਤੇ ਹਰਗੋਬਿੰਦ ਸਾਹਿਬ ਜੀ ਦੀ ਯਾਦ ਨੂੰ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

## ਖ਼ੂਨਦਾਨ ਸੰਸਾਰ ਵਿੱਚ ਸੱਭ ਤੋਂ ਵੱਡਾ ਪੁੰਨ ਦਾ ਕਾਰਜ- ਰਣਜੀਤ ਸਿੰਘ ਕਾਹਲੋਂ





**ਲੁਧਿਆਣਾ/ਕਰਨੈਲ ਸਿੰਘ ਐੱਮ.ਏ.**

ਇਤਿਹਾਸਕ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਗੁਰੂ ਅਰਜਦੇਵ ਦੇਵ ਜੀ ਅਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਨੂੰ ਸਮਰਪਿਤ ਮਸਿਆ ਦੇ ਪਵਿਤਰ ਦਿਹਾੜੇ ਮੌਕੇ ਮਨੁੱਖਤਾ ਦੇ ਭਲੇ ਲਈ ਭਾਈ ਘਨਈਆ ਜੀ ਮਿਸਨ ਸੇਵਾ ਸੁਸਾਇਟੀ (ਰਜਿ) ਵਲੋਂ ਮੁੱਖ ਸੇਵਾਦਾਰ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 518ਵਾਂ ਮਹਾਨ ਖ਼ੂਨਦਾਨ ਕੈਂਪ ਮੈਨੇਜਰ ਲਖਵੰਤ ਸਿੰਘ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਮੋਕੇ ਤੇ ਮੈਂਬਰ ਐਸਜੀਪੀਸੀ ਜੱਥੇ:ਰਣਜੀਤ ਸਿੰਘ ਕਾਹਲੋਂ ਨੇ ਕਿਹਾ ਕਿ ਖ਼ੂਨ-ਦਾਨ ਕਰਨ ਨਾਲ ਸਰੀਰ ਵਿੱਚ ਕਿਸੇ ਪ੍ਰਕਾਰ ਦੀ ਕਮਜੋਰੀ ਨਹੀਂ ਆਉਂਦੀ ਅਤੇ ਖ਼ੂਨ-ਦਾਨ ਕਰਨ ਤੋਂ ਬਾਅਦ ਪੰਜ ਪ੍ਰਕਾਰ ਦੇ ਸਾਈਲੈਂਟ ਕਿਲਰ ਬਿਮਾਰੀਆਂ ਏਡਜ,ਪੀਲੀਆ, ਕਾਲਾ ਪੀਲੀਆ, ਮਲੇਰੀਆਂ ਅਤੇ ਵੀ.ਡੀ.ਆਰ.ਐਲ ਦੇ ਟੈਸਟ ਫਰੀ ਹੋ ਜਾਂਦੇ ਹਨ ਅਤੇ ਖ਼ੂਨ-ਦਾਨ ਸੰਸਾਰ ਵਿੱਚ ਬਹੁਤ ਵਡਾ ਪੁੰਨ ਅਤੇ ਫਲੀਆਂ ਦਾ ਕਾਰਜ ਹੈ ਇਸ ਮੌਕੇ ਤੇ ਮੈਂਬਰ ਜੱਥੇ:ਰਣਜੀਤ ਸਿੰਘ ਕਾਹਲੋਂ ਨੇ ਖ਼ੂਨਦਾਨ ਕਰਨ ਵਾਲੇ ਸਰਧਾਲੂਆਂ ਨੂੰ ਪਰਮਾਣ ਪੱਤਰ ਅਤੇ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਗੁਰਦਆਰਾ ਸਾਹਿਬ ਦੇ ਮੈਨੇਜਰ ਲਖਵੰਤ ਸਿੰਘ ਨੇ ਦਸਿਆ ਖ਼ੂਨਦਾਨ ਕੈਂਪ ਦੌਰਾਨ ਇਕਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜਾਂ ਨੂੰ ਨਿਸਕਾਮ ਰੂਪ ਵਿਚ ਲੈਕੇ ਦਿਤਾ ਜਾਵੇਗਾ। ਇਸ ਮੌਕੇ ਸਰਪੰਚ ਗੁਰਮੇਜ ਸਿੰਘ ਤਲਵਾੜਾ, ਇੰਸਪੈਕਟਰ ਯੁਵਰਾਜ ਸਿੰਘ, ਬਿਕਰਮਜੀਤ ਸਿੰਘ,ਰਸਪਾਲ ਸਿੰਘ, ਰਘਬੀਰ ਸਿੰਘ,ਬਾਬਾ ਗੁਰਦੌਰ ਸਿੰਘ,ਹਾਜਰ ਸਨ।

# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਵਿਕਲਾਂਗਾਂ ਲਈ ਕੈਂਪ 3 ਅਪ੍ਰੈਲ ਐਤਵਾਰ ਨੂੰ



**ਜੰਡਿਆਲਾ ਗੁਰੂ/ਜਸਪਾਲ ਸ਼ਰਮਾ**

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਵਿਚ ਅੰਗਹੀਣਾਂ ਦੀ ਜਾਂਚ ,ਅਪਰੇਸ਼ਨ ਤੇ ਬਨਾਵਟੀ ਅੰਗ( ਹੱਥ, ਪੈਰ,ਲੱਤ )ਆਦਿ ਲਗਾਉਣ ਲਈ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ ।ਇਹ ਮੁਫਤ ਕੈਂਪ ਨਾਰਾਇਣ ਸੇਵਾ ਸੰਸਥਾਨ ÷ਉਦੈਪੁਰ÷ ਅਤੇ ਯੂਥ ਵੈੱਲਫੇਅਰ ਆਫ ਇੰਡੀਆ ਅਤੇ ÷ਅਹਿਸਾਸ ਵੈੱਲਫੇਅਰ ਸੁਸਾਇਟੀ÷ ਵੱਲੋਂ ਸਾਂਝੇ ਤੌਰ ਤੇ 3 ਅਪ੍ਰੈਲ 2022 ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ । ਜਿਸ ਵਿੱਚ ਸੰਸਥਾਨ ਦੇ ਡਾਕਟਰ ਮਰੀਜ਼ਾਂ ਦੀ ਪਰਖ ਕਰਨਗੇ ਅਤੇ ਲੋੜਵੰਦ ਮਰੀਜ਼ਾਂ ਦਾ ਉਦੈਪੁਰ ਵਿੱਚ ਫ੍ਰੀ ਇਲਾਜ਼ ਕੀਤਾ ਜਾਵੇਗਾ । ਇਹ ਜਾਣਕਾਰੀ ਦਿੰਦੇ ਹੋਏ ਡਾ. ਮੰਗਲ ਸਿੰਘ ਕਿਸ਼ਨਪੁਰੀ ਡਾਇਰੈਕਟਰ ( ਐਸ ਈ ਸੀ) ਸਕੂਲ ਅਤੇ ਪ੍ਰਮੋਦ ਭਾਟੀਆ ਚੇਅਰਮੈਨ ਯੂਥ ਫੈਡਰੇਸ਼ਨ ਨੇ ਦੱਸਿਆ ਕਿ ਕੈਂਪ ਦੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਗਈਆਂ ਹਨ । ਲੋੜਵੰਦ ਮਰੀਜ਼ਾਂ ਨੂੰ ਬੇਨਤੀ ਹੈ ਕਿ 9:00 ਵਜੇ ਤੋਂ 3:00 ਵਜੇ ਤੱਕ ਕੈਂਪ ਵਿੱਚ ਹਾਜ਼ਰ ਹੋ ਕੇ ਮਿਲ ਰਹੀਆਂ ਸਹੂਲਤਾਂ ਦਾ ਲਾਭ ਉਠਾਉਣ ।